ਮਾਸਿਕ ਪੱਤਰ

ੴ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

## ਚਰਖੜੀ ਦੇ ਦੰਦਿਆਂ ਤੇ ਤੂੰਬਾ ਤੂੰਬਾ ਹੋ ਕੇ

ਗੁਰਸਿੱਖੀ ਪਰਖੀ ਜਾ ਰਹੀ ਹੈ

AUG 1993

ਅਗਸਤ ੧੯੯੩



ਭਾਈ ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਜੀ

www.AKJ.Org

# ਤਤਕਰਾ


| | | |
|---|---|---|
| ਭਾਦਉ ਭਰਮਿ ਭੁਲੀ | ੩ | ਤੁਖਾਰੀ ਬਾਰਹਮਾਹਾ ਮ: ੧ |
| " —ਅਰਥ ਵਿਆਖਿਆ | ੪ | — — — |
| ਤੱਤ ਸਾਰ ਬਿਬੇਕ—ਸਿਫਤਿ ਸਾਲਾਹ | ੬ | ਭਾ: ਸ: ਭਾਈ ਰਣਧੀਰ ਸਿੰਘ ਜੀ |
| ਭਲੀ ਸੁਹਾਵੀ ਛਾਪਰੀ | ੯ | " " " |
| ਸਾਵਣੁ ਆਇਆ ਹੇ ਸਖੀ ! | ੧੦ | ਗਿਆਨੀ ਹਰਿਬੰਸ ਸਿੰਘ ਜੀ ਤੇਗ |
| ਸ੍ਰੀ ਹਰਿਕ੍ਰਿਸ਼ਨ ਧਿਆਈਐ | ੧੪ | ਪ੍ਰਿੰਸੀਪਲ ਸੁਰਜੀਤ ਸਿਘ ਜੀ |
| ਪੰਜ ਗਿਆਨ ਇੰਦਰੇ ਕਿਵੇਂ ਪਰਵਾਨ ਪੈਂਦੇ ਹਨ ? | ੨੦ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਇਤਿਹਾਸ-ਮੁਖਤਾ ਦੀ ਲੋੜ | ੨੫ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਤੱਥ (੪) | ੩੦ | ਕੈਪਟਿਨ ਸਵਰਨ ਸਿੰਘ ਜੀ |
| ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਯੋਗਦਾਨ (੨) | ੩੭ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਸਿਹਤ ਲਈ ਲਾਭਦਾਇਕ ਹੈ ਚੁੰਬਕੀ ਪਾਣੀ | ੪੨ | ਡਾਕਟਰ ਰਵਿੰਦਰਜੀਤ ਸਿੰਘ ਜੀ |
| ਹਮਜ਼ਾ ਗੌਂਸ | ੪੪ | ਭਾਈ ਨਰੈਣ ਸਿੰਘ ਜੀ ਐਮ.ਏ. |
| ਤਪੈ ਧਰਮੁ ਹਾਰਿਆ | ੪੬ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਕਬਿਤ ਸਵੱਯੇ ਭਾਈ ਗੁਰਦਾਸ ਜੀ (੧੮) | ੪੭ | — — — |
| ਸਊਦੀ ਅਰਬ ਵਿਚ ਸਿੱਖਾਂ ਤੇ ਬਿਪਤਾ | ੫੧ | ਜਨਪਥ ਸਮਾਚਾਰ, ਸਿਲੀਗੁਰੀ |


## 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ

੨. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੩. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਦੂਖ ਨਿਵਾਰਨ ਸਾਹਿਬ

੪. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੩੨/੩-ਏ ਫੇਜ਼, ਐਸ.ਏ.ਐਸ. ਨਗਰ, ਮੋਹਾਲੀ

੫. ਜ਼ਿਲਾ ਸੰਗਰੂਰ—(ੳ) ਰੋਹੀੜਾ-ਘਨੂਆਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ

੬. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ

੭. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੮. ਬਠਿੰਡਾ—ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ

੯. ਮੋਗਾ—ਭਾਈ ਪਰਮਿੰਦਰ ਸਿੰਘ ਜੀ, ਪੁਰਾਣਾ ਗੁਲਾਬੀ ਬਾਗ, ਜੀ. ਟੀ. ਰੋਡ, ਫ਼ੋਨ 43349

੧੦. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45787 ਘਰ 231520

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੨-੮-੯੩ ਨੂੰ ਪ੍ਰਕਾਸ਼ਤ ਕੀਤਾ।

www.AKJ.Org

www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

**ਸਾਲਾਨਾ ਚੰਦਾ**

ਦੇਸ ੩੦-੦੦
ਇਕ ਪਰਚਾ ੩-੦੦

**(ਪਰਦੇਸ ਸਾਰੇ)**
**ਸਾਲਾਨਾ ਚੰਦਾ**

ਸਮੁੰਦਰੀ ਡਾਕ ੮੦-੦੦
ਹਵਾਈ ਡਾਕ ੨੫੦-੦੦

Foreign Subscription
Sea Mail 80-00
Air Mail 250-00

**ਅਮਾਨਤੀ**
**ਲਾਈਫ਼ ਮੈਂਬਰ**

ਦੇਸ ੨੫੦-੦੦
ਪਰਦੇਸ
ਸਮੁੰਦਰੀ ਡਾਕ ੮੦੦-੦੦
ਹਵਾਈ ਡਾਕ ੨੦੦੦-੦੦

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੭ — ਅਗਸਤ ੧੯੯੩ — ਅੰਕ ੮


# ਭਾਦਉ ਭਰਮਿ ਭੁਲੀ

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ॥
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ॥
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥
ਮਛਰ ਡੰਗ, ਸਾਇਰ ਭਰ ਸੁਭਰ, ਬਿਨੁ ਹਰਿ ਕਿਉ ਸੁਖੁ ਪਾਈਐ ॥
ਨਾਨਕ ਪੂਛਿ ਚਲਉ ਗੁਰ ਅਪੁਨੇ, ਜਹ ਪ੍ਰਭੁ ਤਹ ਹੀ ਜਾਈਐ ॥੧੦॥

[ਤੁਖਾਰੀ ਬਾਰਹਮਾਹਾ ਮ: ੧

ਭਾਦਉ—ਭਾਦਰੋਂ ਦਾ ਮਹੀਨਾ। ਭਰਮਿ—ਭਰਮ ਵਿਚ। ਭਰਿ ਜੋਬਨਿ—ਪੂਰੇ ਜੋਬਨ ਵਿਚ। ਜਲ—ਪਾਣੀ ਵਾਲੇ ਥਾਂ, ਛਪੜ ਆਦਿ। ਥਲ—ਸੁੱਕੇ ਥਾਂ, ਟਿੱਬੇ। ਨੀਰਿ—ਪਾਣੀ ਨਾਲ। ਬਰਸ ਰੁਤੇ—ਵਰਖਾ ਦੀ ਰੁੱਤੇ। ਰੰਗੁ ਮਾਣੀ—ਰੰਗ ਮਾਣੀਦਾ। ਨਿਸਿ—ਰਾਤ। ਬਰਸੈ—(ਮੀਂਹ) ਵਸਦਾ ਹੈ। ਬਾਲੀ—ਜੋਬਨ-ਵੰਤੀ। ਦਾਦਰ—ਡੱਡੂ। ਲਵੰਤੇ—ਬੋਲਦੇ ਹਨ। ਚਵੈ—ਬੋਲਦਾ ਹੈ। ਭੁਇਅੰਗਮ—ਸੱਪ। ਫਿਰਹਿ ਡਸੰਤੇ—ਡਸਦੇ ਫਿਰਦੇ ਹਨ। ਸਾਇਰ—ਸਮੁੰਦਰ, ਛਪੜ, ਤਲਾਬ। ਭਰ ਸੁਭਰ—ਨੱਕਾ ਨੱਕ ਭਰੇ ਹੋਏ। ਪੂਛਿ ਚਲਉ—ਪੁਛ ਕੇ ਚਲਿਆ ਜਾਏ।



www.AKJ.Org
www.AKJ.Org

# ਅਰਥ-ਵਿਆਖਿਆ

**ਅਰਥ :–**

ਭਾਦਰੋਂ ਦਾ ਮਹੀਨਾ ਹੈ। ਜਲ ਥਲ, ਭਾਵ, ਟੋਏ ਟਿੱਬੇ ਪਾਣੀ ਨਾਲ ਭਰ ਜਾਂਦੇ ਹਨ। ਇਸ ਵਰਖਾ ਰੁੱਤੇ (ਪ੍ਰੀਤਮ-ਪਿਆਰੇ ਨਾਲ ਮਿਲ ਕੇ) ਰੰਗ ਮਾਣੀਦਾ ਹੈ। ਪਰ (ਮਾਣ-ਮਤੀ ਇਸਤ੍ਰੀ) ਭਰ ਜੁਆਨੀ ਦੇ ਮਾਣ ਕਾਰਨ ਭਰਮ-ਭੁਲੇਖੇ ਵਿਚ ਭੁਲ ਜਾਂਦੀ ਹੈ, ਜਿਸ ਕਰਕੇ (ਪਤੀ ਤੋਂ ਵਿਛੜ ਕੇ) ਪਛਤਾਂਦੀ ਹੈ।

(ਇਸ ਸੁਹਾਵਣੀ ਰੁੱਤੇ) ਕਾਲੀ ਬੋਲੀ ਰਾਤ ਵਿਚ ਮੀਂਹ ਵਰ੍ਹਦਾ ਹੈ, ਡੱਡੂ ਗੁੜੈਂ ਗੁੜੈਂ ਕਰਦੇ ਅਤੇ ਮੋਰ ਕੂਕਦੇ ਹਨ, ਪਪੀਹਾ ਉੱਚੀ ਉੱਚੀ ਪੁਕਾਰਦਾ 'ਪ੍ਰਿਉ ਪ੍ਰਿਉ' ਕੂਕਦਾ ਹੈ, ਪਰ (ਪਤੀ ਤੋਂ ਵਿਛੜੀ) ਜੋਬਨ-ਵੰਤੀ ਬਾਲੀ ਇਸਤ੍ਰੀ ਨੂੰ (ਇਸ ਅਨੰਦ-ਮਈ ਰੁੱਤ ਦਾ) ਸੁਖ ਕਿਵੇਂ ਹੋ ਸਕਦਾ ਹੈ? ਭਾਵ, ਉਸ ਲਈ ਇਹ ਸਭ ਕੁਝ ਦੁਖਦਾਈ ਹੈ। ਉਸ ਲਈ ਇਸ ਰੁੱਤੇ ਸੱਪ ਡਸਦੇ ਫਿਰਦੇ ਹਨ।

(ਭਾਦਰੋਂ ਦੇ ਮਹੀਨੇ) ਛੱਪੜ-ਤਲਾਬ ਪਾਣੀ ਨਾਲ ਨੱਕਾ-ਨੱਕ ਭਰ ਜਾਂਦੇ ਹਨ ਅਤੇ ਮੱਛਰ ਡੰਗ ਮਾਰਦੇ ਫਿਰਦੇ ਹਨ। (ਪ੍ਰਿਅ-ਪ੍ਰੀਤਮ ਤੋਂ ਵਿਛੜੀ ਇਸਤ੍ਰੀ) ਕਿਵੇਂ ਸੁਖ ਪਾ ਸਕਦੀ ਹੈ? ਇਸੇ ਤਰ੍ਹਾਂ ਹਰੀ-ਪ੍ਰਭੂ ਤੋਂ ਬਿਨਾਂ, (ਭਾਵ, ਪ੍ਰਭੂ-ਪ੍ਰੀਤਮ ਤੋਂ ਵਿਛੜ ਕੇ ਜੀਵ-ਇਸਤ੍ਰੀ) ਕਿਵੇਂ ਸੁਖ ਮਾਣ ਸਕਦੀ ਹੈ? ਭਾਵ, ਉਸ ਦੀ ਜੀਵਨ-ਰੂਪ ਕਾਲੀ ਬੋਲੀ ਰਾਤ ਦੁਖਾਂ ਵਿਚ ਹੀ ਬੀਤਦੀ ਹੈ।

'ਨਾਨਕ' ਮੁਹਰ-ਛਾਪ ਲਾ ਕੇ ਸਤਿਗੁਰੂ ਜੀ ਉਪਦੇਸ਼ ਕਰਦੇ ਹਨ, (ਜੇ ਸਦੀਵੀ ਸੁਖ-ਅਨੰਦ ਮਾਣਨਾ ਹੈ ਤਾਂ) ਆਪਣੇ ਸਤਿਗੁਰੂ ਨੂੰ ਪੁਛ ਕੇ ਚਲਣਾ ਚਾਹੀਦਾ ਹੈ (ਭਾਵ, ਗੁਰ-ਉਪਦੇਸ਼, ਗੁਰ-ਦੀਖਿਆ ਲੈ ਕੇ, ਨਾਮ-ਗੁਰ-ਮੰਤਰ ਦੀ ਕਮਾਈ ਕਰਨੀ ਚਾਹੀਦੀ ਹੈ) ਤਦੋਂ ਹੀ ਜਿਥੇ ਪ੍ਰਭੂ-ਪ੍ਰੀਤਮ ਵਸਦਾ ਹੈ, ਉਥੇ (ਉਸ ਦਾ ਮਿਲਾਪ ਪ੍ਰਾਪਤ ਕਰਨ ਲਈ) ਪੁਜ ਸਕੀਦਾ ਹੈ।

**ਵਿਆਖਿਆ--**

ਸਾਵਣ ਦੀ ਬਰਖਾ ਪਿਛੋਂ ਭਾਦਰੋਂ ਦਾ ਮਹੀਨਾ ਆਉਂਦਾ ਹੈ ਤਾਂ ਇਸ ਰੁਤੇ ਕਦੇ ਗਰਮੀ ਦਾ ਤ੍ਰਾਟਾ ਲਗਦਾ ਹੈ, ਕਦੇ ਅਕਾਸ਼ ਵਿਚ ਸੰਘਣੇ ਬਦਲ ਛਾ ਜਾਂਦੇ ਹਨ। ਕਦੇ ਉਹ ਛਾਈਂ ਮਾਈਂ ਹੋ ਜਾਂਦੇ ਹਨ। ਬੜਾ ਭਰਮ-ਭੁਲੇਖੇ ਵਿਚ ਪਾਉਣ ਵਾਲਾ ਮੌਸਮ ਹੁੰਦਾ ਹੈ। ਇਸ ਸਮੇਂ ਬਾਰਸ਼ਾਂ ਕਾਰਨ ਟੋਏ ਟਿੱਬੇ ਛਪੜ-ਤਲਾਬ ਸਭ ਪਾਣੀ ਨਾਲ ਭਰ ਜਾਂਦੇ ਹਨ। ਡੱਡੂ ਗੁੜੈਂ ਗੁੜੈਂ ਕਰਦੇ ਹੁੰਦੇ ਹਨ—ਮੋਰ ਕੁਹਕਦੇ ਫਿਰਦੇ ਪੈਲਾਂ ਪਾਂਦੇ ਹਨ ਅਤੇ ਪਪੀਹੇ 'ਪ੍ਰਿਉ ਪ੍ਰਿਉ' ਦੀ ਰਟ ਲਾਈ ਰਖਦੇ ਹਨ। ਇਕ ਪਾਸੇ ਸੱਪ ਡਸਦੇ ਫਿਰਦੇ ਹਨ, ਦੂਜੇ ਪਾਸੇ ਮੱਛਰ ਆਪਣੇ ਡੰਗ ਚਲਾਂਦੇ ਹਨ। ਕੁਦਰਤ ਦੀ ਇਸ ਸੁਹਾਵਣੀ ਰੁਤ ਨੂੰ ਭਾਈ ਗੁਰਦਾਸ ਜੀ ਵਾਰਾਂ ਵਿਚ ਬਿਆਨ ਕਰਦੇ ਲਿਖਦੇ ਹਨ—

ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ ॥(ਭਾਈ ਗੁਰਦਾਸ, ਜੀ ਵਾਰ ੨੮/੪)

ਕਾਲੀ ਬੋਲੀ ਰਾਤ ਵਿਚ ਬਦਲ ਵਰ੍ਹ ਰਹੇ ਹੁੰਦੇ ਹਨ ਤਾਂ ਇਹੋ ਜਿਹੀ ਮਨਮੋਹਣੀ ਰੁੱਤੇ ਜੋਬਨ-ਵੰਤੀ ਇਸਤ੍ਰੀ ਆਪਣੇ ਪ੍ਰਿਅ-ਪ੍ਰੀਤਮ ਨਾਲ ਮਿਲ ਕੇ ਸੁਖ ਅਨੰਦ ਮਾਣਦੀ ਹੈ।

ਪਰ ਜੋ ਇਸਤ੍ਰੀ ਜੋਬਨ ਦੇ ਮਾਣ ਵਿਚ ਮਤੀ ਹੁੰਦੀ ਹੈ, ਉਹ ਜੋਬਨ ਦੇ ਹੰਕਾਰ ਕਾਰਨ ਭਰਮ-ਭੁਲੇਖੇ ਵਿਚ ਪੈ ਕੇ ਆਪਣੇ ਪਿਆਰੇ ਪ੍ਰੀਤਮ ਤੋਂ ਵਿਛੜੀ ਰਹਿੰਦੀ ਹੈ, ਉਹ ਪ੍ਰੀਤਮ-ਮਿਲਾਪ ਦਾ ਅਨੰਦ ਨਹੀਂ ਮਾਣ ਸਕਦੀ, ਸਗੋਂ ਇਸ ਹੰਕਾਰ ਦੇ ਭਰਮ ਭੁਲੇਖੇ ਵਿਚ ਸੁਤਿਆਂ ਹੀ ਰਾਤ ਗੁਜ਼ਾਰ ਦੇਂਦੀ ਹੈ। ਪਰ ਜਦ ਸਵੇਰਾ ਆ ਉਦੇ ਹੁੰਦਾ ਹੈ ਤਾਂ ਆਪਣੀ ਭੁਲ ਤੇ ਪਛਤਾਵਾ ਕਰਦੀ ਹੈ।

ਪਤੀ-ਪ੍ਰੀਤਮ ਤੋਂ ਵਿਛੜੀ ਇਸਤ੍ਰੀ ਵਾਂਗ ਇਹ ਪ੍ਰਾਣੀ ਵੀ ਜੋਬਨ-ਮਤਾ ਅਹੰਕਾਰ ਵਿਚ ਸੰਸਾਰਕ ਬੰਧਨਾਂ


www.AKJ.Org
www.AKJ.Org

ਦੇ ਭੁਲੇਖਿਆਂ ਵਿਚ ਉਲਝਿਆ ਹੋਇਆ ਪ੍ਰਭੂ-ਪ੍ਰੀਤਮ ਤੋਂ ਵਿਛੜਿਆ ਹੋਇਆ ਹੈ, ਅਗਿਆਨਤਾ ਦੀ ਨੀਂਦਰ ਵਿਚ ਸੁੱਤਾ ਪਿਆ ਹੈ। ਅਤੇ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਵਹੇ ਚੜ੍ਹ ਕੇ ਖਜਲ-ਖੁਆਰ ਹੁੰਦਾ ਹੈ। ਅੰਤ ਵੇਲਾ ਆਉਂਦਾ ਹੈ ਤਾਂ ਹੋਸ਼ ਆਉਂਦੀ ਹੈ ਅਤੇ ਫਿਰ ਪਛਤਾਵਾ ਲਗਦਾ ਹੈ। ਗੁਰਬਾਣੀ ਭੁਲੇ ਹੋਏ ਇਸ ਜੀਵ ਦੀ ਦਸ਼ਾ ਇਸਤ੍ਰੀ ਨਾਲ ਮਿਲਾ ਕੇ ਦਸਦੇ ਹਨ—

ਭੁਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ ॥
ਪਿਰਿ ਛੋਡਿਅੜੀ ਸੁਤੀ, ਪਿਰ ਕੀ ਸਾਰ ਨ ਜਾਣੀ ॥
ਪਿਰਿ ਛੋਡੀ ਸੁਤੀ, ਅਵਗੁਣਿ ਮੁਤੀ, ਤਿਸੁ ਧਨ ਵਿਧਣ ਰਾਤੇ ॥
ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ, ਹਉਮੈ ਲਗੀ ਤਾਤੇ ॥
ਉਡਰਿ ਹੰਸੁ ਚਲਿਆ ਫੁਰਮਾਇਆ, ਭਸਮੈ ਭਸਮ ਸਮਾਣੀ ॥
ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥੧॥ (ਪੰਨਾ ੧੧੧੧)

ਇਹ ਜੀਵ ਪੁਤਰਾਂ ਧੀਆਂ ਦੇ ਮੋਹ ਵਿਚ ਅਤੇ ਮਾਇਕ ਧੰਦਿਆਂ ਵਿਚ ਲਿਪਟਿਆ ਰਹਿੰਦਾ ਹੈ। ਮਾਇਆ ਦੇ ਸਭੇ ਰੰਗ ਕਸੁੰਭੇ ਵਾਂਗ ਕੱਚੇ ਹਨ, ਪਰ ਅਸੀਂ ਇਨ੍ਹਾਂ ਵਿਚ ਉਲਝੇ ਰਹਿੰਦੇ ਹਾਂ। ਪੰਚਮ ਗੁਰੂ ਜੀ ਰਾਮਕਲੀ ਵਾਰ ਵਿਚ ਫ਼ੁਰਮਾਂਦੇ ਹਨ—

ਮਿਤ੍ਰੁ ਪਿਆਰਾ ਨਾਨਕ ਜੀ, ਮੈ ਛਡਿ ਗਵਾਇਆ, ਰੰਗਿ ਕਸੁੰਭੈ ਭੁਲੀ ॥
ਤਉ ਸਜਣ ਕੀ ਮੈ ਕੀਮ ਨ ਪਉਦੀ. ਹਉ ਤੁਧੁ ਬਿਨੁ ਅਢੁ ਨ ਲਹਦੀ ॥੧॥੧੩॥ (ਪੰਨਾ ੯੬੩)

ਇਸ ਤਰ੍ਹਾਂ ਪ੍ਰਾਣੀ. ਮਾਇਆ ਦੇ ਭਰਮ-ਭੁਲੇਖਿਆਂ ਵਿਚ ਹਰੀ-ਪ੍ਰਭੂ ਤੋਂ ਵਿਛੜਿਆ ਹੋਇਆ ਹੀ ਉਮਰ ਗੁਜ਼ਾਰ ਦੇਂਦਾ ਹੈ—

—ਸੋਇ ਰਹੀ ਪ੍ਰਭ ਖਬਰਿ ਨ ਜਾਨੀ ॥ ਭੋਰੁ ਭਇਆ ਪਾਛੈ ਪਛੁਤਾਨੀ ॥੧॥੭੬॥ (ਪੰਨਾ ੩੯੯)
—ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥ ਜੋਬਨੁ ਖੋਇ ਪਾਛੈ ਪਛੁਤਾਨੀ ॥੧॥ਰਹਾਉ॥ (ਪੰਨਾ ੭੯੪)

ਸਤਿਗੁਰੂ ਇਸ ਭੁਲੀ ਹੋਈ ਜੀਵ-ਇਸਤ੍ਰੀ ਨੂੰ ਉਪਦੇਸ਼ ਦੇਂਦੇ ਹਨ ਕਿ ਇਸ ਜੀਵਨ ਰੂਪ ਹਨੇਰੀ ਰਾਤ ਵਿਚ ਪ੍ਰਭੂ-ਪ੍ਰੀਤਮ ਤੋਂ ਬਿਨਾਂ ਜੀਵਨ ਬਿਤਾਈ ਜਾਣਾ ਦੁਖਾਂ ਨੂੰ ਸਹੇੜਨਾ ਹੈ। ਇਸ ਤਰ੍ਹਾਂ ਤਨ ਮਨ ਧਨ ਸਭ ਕੁਝ ਦੁਖਦਾਈ ਹੋ ਜਾਂਦਾ ਹੈ। ਇਨ੍ਹਾਂ ਦੁਨਿਆਵੀ ਪਦਾਰਥਾਂ ਅਤੇ ਪਰਵਾਰਕ ਸੰਬੰਧੀਆਂ ਦੇ ਮੋਹ ਵਿਚ ਫਾਥਿਆਂ ਸੱਚਾ ਸਦੀਵੀ ਸੁਖ ਨਹੀਂ ਹੈ। ਪਤੀ-ਪ੍ਰਭੂ ਦੇ ਮਿਲਾਪ ਤੋਂ ਬਿਨਾਂ ਇਹ ਮਨੁਖਾ ਜਨਮ ਸਭ ਕੁਝ ਬੇਮਰਥ ਹੀ ਭੁਇੰ ਦੇ ਭਾੜੇ ਫ਼ਜ਼ੂਲ ਚਲਾ ਜਾਂਦਾ ਹੈ—

ਨਿਸਿ ਅੰਧਿਆਰੀ ਸੁਤੀਏ, ਕਿਉ ਪਿਰ ਬਿਨੁ ਰੈਣਿ ਵਿਹਾਇ ॥
ਅੰਕੁ ਜਲਉ ਤਨੁ ਜਾਲੀਅਉ, ਮਨੁ ਧਨੁ ਜਲਿ ਬਲਿ ਜਾਇ ॥
ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ ॥੭॥ (ਪੰਨਾ ੫੪)

ਫਿਰ ਸਤਿਗੁਰੂ ਮਤਿ ਦੇਂਦੇ ਹਨ ਕਿ ਪ੍ਰਭੂ-ਮਿਲਾਪ ਤੋਂ ਬਿਨਾਂ ਅਗਿਆਨਤਾ ਤੇ ਭਰਮਾਂ ਭੁਲੇਖਿਆਂ ਵਿਚ ਸੁਤੇ ਰਹਿਆਂ ਸੱਚ ਦੀ ਸੋਝੀ ਨਹੀਂ ਆ ਸਕਦੀ। ਸਦ-ਜਾਗਦੇ ਸਦ ਸੁਣਦੇ ਪ੍ਰਭੂ-ਪਤੀ ਦੇ ਮਿਲਾਪ ਲਈ ਸਤਿਗੁਰੂ ਨੂੰ ਪੁਛਣਾ ਚਾਹੀਦਾ ਹੈ, ਸਤਿਗੁਰੂ ਤੋਂ ਮਤਿ ਲੈਣੀ ਚਾਹੀਦੀ ਹੈ। ਸਤਿਗੁਰੂ ਨਾਮ-ਗੁਰਮੰਤਰ ਦੀ ਦੀਖਿਆ ਦੇ ਕੇ, ਪ੍ਰਭੂ ਦੇ ਭੈ-ਅਦਬ ਤੇ ਪ੍ਰੇਮ ਵਿਚ ਸਹਾਈ ਹੋ ਕੇ ਵਾਹਿਗੁਰੂ-ਪ੍ਰੀਤਮ ਨਾਲ ਮਿਲਾ ਦੇਂਦਾ ਹੈ—

ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ ॥
ਹਉ ਸੁਤੀ ਪਿਰੁ ਜਾਗਣਾ, ਕਿਸ ਕਉ ਪੂਛਉ ਜਾਇ ॥
ਸਤਿਗੁਰਿ ਮੇਲੀ ਭੈ ਵਸੀ, ਨਾਨਕ ਪ੍ਰੇਮੁ ਸਖਾਇ ॥੮॥੨॥ (ਪੰਨਾ ੫੪)


www.AKJ.Org
www.AKJ.Org

# ਤੱਤ ਸਾਰ ਬਿਬੇਕ-ਸਿਫਤਿ ਸਾਲਾਹ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਤਿਗੁਰੂ ਦੇ ਜਿਤਨੇ ਭੀ ਹੁਕਮਾਂ ਅਰਥਾਤ, ਹੁਕਮਾ ਰੂਪੀ ਬਚਨ ਹਨ, ਉਹਨਾਂ ਹੁਕਮਾਂ ਦਾ ਸਿਰ ਹੁਕਮ, ਅਰਥਾਤ, ਹੁਕਮਨ ਸਿਰ ਹੁਕਮ (ਤੱਤ ਸਾਰੁ ਹੁਕਮੁ) ਇਕੋ ਹੁਕਮ ਹੈ, ਜੋ ਸਮੱਗਰ ਹੁਕਮਾਂ ਦਾ ਕੇਂਦਰ ਹੈ। ਜਿਸ ਦੇ ਦਵਾਲੇ (ਗਿਰਦਾ ਗਿਰਦ) ਸਾਰੇ ਹੁਕਮ ਆਕਰਖਣੀ ਤਾਣ ਅੰਦਰ ਘੁੰਮਦੇ ਹਨ ਅਤੇ ਇਹੋ ਹੁਕਮ ਸਾਡੇ ਕਮਾਵਣ ਲਈ ਜਦੋਂ ਕਮਾਈ ਅੰਦਰ ਆਉਂਦਾ ਹੈ, "ਸਿਰਿ ਕਰਮਨ ਕੈ ਕਰਮਾ" ਬਣ ਜਾਂਦਾ ਹੈ। ਇਹ 'ਹੁਕਮਨ ਸਿਰ ਹੁਕਮ' ਅਥਵਾ 'ਕਰਮਨ ਸਿਰ ਕਰਮਾ' ਕੀ ਹੈ ? ਇਕੋ ਨਾਮ ਹੈ, ਜਿਸ ਨੂੰ ਕਿ ਸ਼ਿਫਤਿ ਸਾਲਾਹਣ, ਹਰਿ ਸਿਮਰਨ, ਹਰਿ ਕੀਰਤਨ, ਹਰਿ ਜਸ ਨਾਵਾਂ ਨਾਲ ਗੁਰਮਤਿ (ਗੁਰਬਾਣੀ) ਅੰਦਰ ਸੰਕੇਤ ਕੀਤਾ ਗਿਆ ਹੈ। ਜਦੋਂ ਇਹ ਹੁਕਮ ਅਥਵਾ ਹੁਕਮ ਰੂਪੀ ਨਾਮੁ ਕਮਾਵਣ ਅੰਦਰ ਆਉਂਦਾ ਹੈ, ਅਥਵਾ, ਕਮਾਇਆ ਜਾਣ ਕਰਕੇ 'ਸਿਰਿ ਕਰਮਨ ਕੈ ਕਰਮਾ' ਦੀ ਸੰਕੇਤਕ ਪਦਵੀ ਅੰਦਰ ਸੰਕੇਤਿਆ ਜਾਂਦਾ ਹੈ ਤਦੋਂ ਏਸੇ 'ਸਿਫਤਿ ਸਾਲਾਹ' ਰੂਪੀ "ਸਿਰਿ ਕਰਮਨ ਕੈ ਕਰਮਾ" ਨੂੰ ਗੁਰਮਤਿ ਬਿਬੇਕ ਰੂਪੀ ਸਾਰ ਕਰਣੀ, ਅਰਥਾਤ, ਤੱਤ ਸਾਰ ਬਿਬੇਕ ਦੇ ਨਾਮ ਨਾਲ ਪ੍ਰਸੇਧਿਆ ਪਰਮਾਨਿਆ ਅਤੇ ਸਨਮਾਨਿਆ ਜਾਂਦਾ ਹੈ। ਇਸ ਉਪਰਲੇ ਸਾਰੇ ਸਿਧਾਂਤ ਦੀ ਪੁਸ਼ਟੀ (ਪ੍ਰੌੜ੍ਹਤਾ) ਲਈ ਹੇਠ ਲਿਖੇ ਗੁਰ ਪ੍ਰਮਾਣ ਵੰਨਗੀ ਵਜੋਂ ਦ੍ਰਿਸ਼ਟੀ ਗੋਚਰ ਕਰਾਏ ਜਾਂਦੇ ਹਨ। ਯਥਾ :

—ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥ [ਸਿਰੀਰਾਗੁ ਮ: ੧, ਪੰਨਾ ੭੨

—ਹੁਕਮੁ ਜਿਨਾ ਨੋ ਮਨਾਇਆ ॥ ਤਿਨ ਅੰਤਰਿ ਸਬਦੁ ਵਸਾਇਆ ॥
ਸਹੀਆ ਸੇ ਸੋਹਾਗਣੀ ਜਿਨ ਸਹ ਨਾਲਿ ਪਿਆਰੁ ਜੀਉ ॥੯॥ [ਸਿਰੀਰਾਗੁ ਮ: ੧, ਪੰਨਾ ੭੨

—ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ ॥ ਸੋ ਗਿਆਨੁ ਧਿਆਨੁ ਜੋ ਤੁਧੁ ਭਾਈ ॥
ਸੋਈ ਜਪੁ ਜੋ ਪ੍ਰਭ ਭਾਵੈ ਭਾਣੈ ਪੂਰ ਗਿਆਨਾ ਜੀਉ ॥੧॥੨੦॥ [ਮਾਝ ਮ: ੫, ਪੰਨਾ ੧੦੦

—ਹੁਕਮੁ ਪਛਾਣੈ ਸੁ ਹਰਿ ਗੁਣ ਵਖਾਣੈ ॥ ਗੁਰ ਕੈ ਸਬਦਿ ਨਾਮਿ ਨੀਸਾਣੈ ॥
ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ ॥੩॥੧॥

ਮਾਝ ਮ: ੧, ਪੰਨਾ ੧੦੯

—ਗੁਰਮੁਖਿ ਕਰਣੀ ਹਰਿ ਕੀਰਤਿ ਸਾਰੁ ॥ ਗੁਰਮੁਖਿ ਪਾਏ ਮੋਖ ਦੁਆਰੁ ॥
ਅਨਦਿਨੁ ਰੰਗਿ ਰਤਾ ਗੁਣ ਗਾਵੈ ॥ ਅੰਦਰਿ ਮਹਲਿ ਬੁਲਾਵਣਿਆ ॥੭॥੧੦॥

ਮਾਝ ਮ: ੩, ਪੰਨਾ ੧੧੫

—ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥

ਸੋਰਠਿ ਮ: ੫, ਪੰਨਾ ੬੪੨

ਏਹਨਾਂ ਗੁਰਵਾਕਾਂ ਤੋਂ ਸਾਫ਼ ਸਿਧ ਹੋਇਆ ਕਿ 'ਹੁਕਮਨ ਸਿਰ ਹੁਕਮੁ' 'ਏਕੋ ਨਾਮ ਹੈ।' ਜਿਨ੍ਹਾਂ ਨੇ ਅੰਦਰ ਸ਼ਬਦ ਵਸਾਇਆ ਹੈ, ਮਾਨੋ ਤਿਨ੍ਹਾਂ ਨੂੰ 'ਸਿਰ ਹੁਕਮਨ ਕੇ ਹੁਕਮ' ਮਨਾਇਆ ਹੈ। ਅਸਲ ਹੁਕਮਨ ਸਿਰੁ ਹੁਕਮ ਤਿਨ੍ਹਾਂ ਨੇ ਹੀ ਮੰਨਿਆ ਹੈ ਜਿਨ੍ਹਾਂ ਦੇ ਅੰਤਰਿ ਆਤਮੇ ਸਬਦੁ (ਨਾਮ—ਗੁਰਮੰਤ੍ਰ) ਬਸਿਆ ਹੈ, ਅਥਵਾ, ਜਿਨ੍ਹਾਂ ਨਾਮ ਨੂੰ ਕਮਾਇਆ ਤੇ ਅੰਦਰ ਵਸਾਇਆ ਹੈ, ਜਿਨ੍ਹਾਂ ਨੇ ਸਿਫਤਿ ਸਾਲਾਹਣ ਰੂਪੀ ਸਾਰ ਕਮਾਈ ਕੀਤੀ ਤੇ ਕਰ ਕੇ ਤੋੜ ਨਿਭਾਈ, ਤਿਨ੍ਹਾਂ ਨੇ ਮਾਨੋ 'ਹੁਕਮ ਰਜਾਈ' ਚਲਣ ਦੀ ਗੁਰਮੁਖ ਪਦਵੀ ਪਾਈ। ਗੁਰ-ਸਬਦੁ ਰੂਪੀ ਨਾਮ ਨੀਸਾਣ ਦਵਾਰਾ ਜਿਨ੍ਹਾਂ ਹਰਿ ਗੁਣ ਹਰਿ ਜਸ ਵਖਾਣਿਆ, ਤਿਨ੍ਹਾਂ ਨੇ ਮਾਨੋ ਸੱਚਾ ਹੁਕਮ ਪਛਾਣਿਆ।


www.AKJ.Org
www.AKJ.Org

ਇਹ ਸਿਫਤਿ ਸਾਲਾਹ ਹਰਿ ਕੀਰਤਨ ਰੂਪੀ ਜਿਹੜੀ ਗੁਰਮਤਿ ਕਰਣੀ ਹੈ, ਇਹੋ ਤੱਤ ਸਾਰ ਬਿਬੇਕੁ, ਗੁਰਮਤਿ ਬਿਬੇਕੁ 'ਸਿਰਿ ਕਰਮਨ ਕੈ ਕਰਮਾ' ਰੂਪੀ ਬਿਬੇਕ ਹੈ। ਇਹੋ ਤੱਤ ਸਾਰ ਗੁਰਮਤਿ ਬਿਬੇਕ, ਮੋਖ ਦੁਆਰ ਪ੍ਰਾਪਤ ਕਰਾਵਣਹਾਰ ਹੈ। ਅਤੇ ਏਸੇ ਸਾਰ ਕੀਰਤ-ਕਰੰਮ ਦੇ ਰੰਗ ਰੱਤੇ ਪ੍ਰਾਣੀ ਨੂੰ ਇਹੋ ਗੁਰਮਤਿ ਬਿਬੇਕ, 'ਅੰਤਰਿ ਮਹਲਿ' 'ਬੁਲਾਵਣਹਾਰ' ਹੈ।

ਇਹ ਕੀਰਤ-ਕਰੰਮ ਰੂਪੀ ਬਿਬੇਕ, ਇਹ ਸਿਫਤਿ-ਸਾਲਾਹਣ ਮਈ ਕਟਣੀ ਬਿਬੇਕ ਸਭ ਕਰਣੀਆਂ ਕਮਾਈਆਂ ਨਾਲੋਂ ਉੱਚਾ ਸੁੱਚਾ ਬਿਬੇਕ ਹੈ। ਪ੍ਰੰਤੂ ਇਹ ਬਿਬੇਕ ਹਰ ਇਕ ਸਿੱਖ ਜਗਿਆਸੂ ਨੂੰ ਇਕ-ਦਮ ਪ੍ਰਾਪਤ ਨਹੀਂ ਹੁੰਦਾ। ਉਹ ਵਿਰਲੇ ਅਤੇ ਵਡਭਾਗੇ ਜਨ ਹਨ, ਜਿਨ੍ਹਾਂ ਨੂੰ ਕਿ 'ਸਤਿਗੁਰ ਕੈ ਜਨਮੈ ਗਵਨੁ ਮਿਟਾਇਆ''* ਗੁਰਵਾਕ ਦੇ ਭਾਵ ਅਨੁਸਾਰ ਗੁਰੂ ਘਰ ਵਿਚਿ ਜਨਮ ਲੈਂਦਿਆਂ ਹੀ, ਅਰਥਾਤ, ਅੰਮ੍ਰਿਤ ਛਕਦਿਆਂ ਹੀ ਇਕ-ਦਮ ਇਹ ਉਚ ਕਲਾ ਦਾ ਗੁਰਮਤਿ ਬਿਬੇਕ ਪ੍ਰਾਪਤ ਹੋ ਜਾਂਦਾ ਹੈ। ਓਹਨਾਂ ਦਾ ਪੂਰਬ ਲਿਖੇ ਦਾ ਲਹਿਣਾ ਹੀ ਇਹੋ ਜਿਹਾ ਹੁੰਦਾ ਹੈ ਕਿ ਉਹ ਅੰਮ੍ਰਿਤ ਦੀ ਜਾਗ ਲਗਣ ਸਾਰ ਹੀ ਨਾਮ ਮਹਾਂ ਰਸ ਦੀ ਚਮਤਕਾਰੀ ਕਿਰਤ ਕਰੰਮੀ ਰੰਗਾਂ ਵਾਲੀ ਬਿਬੇਕ ਕਲਾ ਵਿਚ ਖੇਡਣ ਲਗ ਜਾਂਦੇ ਹਨ। ਪ੍ਰੰਤੂ ਓਹਨਾਂ ਲਈ ਭੀ ਓਹ ਸਮੁੱਚੇ ਹੁਕਮ ਪਾਲਣੇ ਅਤਿ ਜ਼ਰੂਰੀ ਹੁੰਦੇ ਹਨ ਜੋ ਕਿ ਅੰਮ੍ਰਿਤ ਦੇ ਸਮੇਂ ਦ੍ਰਿੜ੍ਹਾਏ ਜਾਂਦੇ ਹਨ, ਤੇ ਜਿਨ੍ਹਾਂ ਦੇ ਕਮਾਵਣ ਦੀ ਆਗਿਆ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭਾਂਤ ਭਾਂਤ ਦੇ ਗੁਰਵਾਕਾਂ ਦਵਾਰਾ ਦਿੰਦੇ ਹਨ। ਯਾ ਦੂਜੇ ਪਦਾਂ ਵਿਚ ਇਉਂ ਕਹੋ ਕਿ ਸੁਤੇ ਸੁਭਾ ਹੀ ਉਹਨਾਂ ਤੋਂ ਓਹ ਹੀ ਕਰਮ ਹੁੰਦੇ ਹਨ ਜੋ ਗੁਰੂ ਕੀ ਆਗਿਆ ਅਨੁਸਾਰ ਹੋਣ। ਗੁਰੂ ਆਗਿਆ ਦਾ ਪਾਲਣਾ ਅਥਵਾ ਗੁਰਮਤਿ ਹੁਕਮਾਂ ਦੀ ਅਨੁਸਾਰਤਾ ਓਹਨਾਂ ਦੀ ਇਕ ਸਹਿਜ ਸੁਭਾਵੀ ਖੇਡ ਹੁੰਦੀ ਹੈ। ਉਕਤ ਆਤਮ-ਤਰੰਗੀ ਬਿਬੇਕੀ ਜਨਾਂ ਦੀ ਰਹਿਣੀ ਬਹਿਣੀ ਵਰਤੋਂ ਵਿਉਹਾਰੀ ਕਰਣੀ ਦੇ ਸਾਰੇ ਰੰਗ ਢੰਗ ਹੁਕਮੀ ਬੰਦੇ ਗੁਰਮੁਖਾਂ ਵਾਲੇ ਆਗਿਆ-ਆਧੀਨੀ ਚੋਜ ਹਨ। ਪਾਰ ਪਹੁੰਚੇ ਬਿਬੇਕੀ ਜਨਾਂ ਲਈ ਉਰਾਰ ਦਸ਼ਾ ਦੀ ਸਿਖ ਜਗਿਆਸਾ ਦੇ ਹੁਕਮੀ ਕਰਮ ਕਮਾਉਣੇ ਸੁਖੈਨ ਹੀ ਹੈਨ। ਪ੍ਰੰਤੂ ਆਮ ਸਿਖ ਜਗਿਆਸੂਆਂ ਨੂੰ, ਜਿਨ੍ਹਾਂ ਦੀ ਪਹੁੰਚ ਇਕ-ਦਮ ਸਿਫਤਿ ਸਾਲਾਹ ਦੀ ਉਚ ਬਿਵਸਥਾ ਤੀਕ ਹੋਣੀ ਅਸੰਭਵ ਹੈ, ਤਿਨ੍ਹਾਂ ਨੂੰ ਇਸ ਸਿਫਤਿ ਸਾਲਾਹ ਵਾਲੀ ਰਸਕ ਦਸ਼ਾ ਦੀ ਪ੍ਰਾਪਤੀ ਲਈ ਗੁਰ-ਫ਼ੁਰਮਾਏ ਗੁਰਮਤਿ ਦ੍ਰਿੜ੍ਹਾਏ ਸਮੱਗਰ ਕਰਮਾਂ ਦਾ ਕਰਨਾ, ਅਰਥਾਤ, ਹਰ ਪ੍ਰਕਾਰ ਗੁਰਮਤਿ ਰਹਿਣੀ ਰਹਿਣਾ ਖ਼ਾਸ ਤੌਰ ਤੇ ਅਤਿ ਜ਼ਰੂਰੀ ਹੈ। ਪ੍ਰੰਤੂ ਓਹਨਾਂ ਨੇ ਭੀ ਓਸੇ 'ਸਿਰਿ ਕਰਮਨ ਕੈ ਕਰਮਾ' ਅਥਵਾ ਸਿਰ ਹੁਕਮਨ ਦੇ ਹੁਕਮ ਨੂੰ ਮੁਖ ਆਦਰਸ਼ ਰਖਣਾ ਹੈ।

ਸਿਫਤਿ ਸਾਲਾਹ ਰੂਪੀ ਸਾਰ ਕਰਣੀ ਦੇ ਸੰਗ ਸਾਥ ਕਰਨ ਜੋਗ ਸਰਬ ਸਾਧਨ ਸੰਪੰਨ ਕਰਮ ਕਰਨੇ, ਜਿਨ੍ਹਾਂ ਦੇ ਕਰਨ ਦੀ ਕਿ ਗੁਰਮਤਿ ਅਨੁਸਾਰ ਆਗਿਆ ਹੈ, ਇਹ ਭੀ ਗੁਰਮਤਿ ਬਿਬੇਕ ਹੈ। ਜਿਸ ਨੂੰ ਪਾਲਨ ਕਰਨਾ ਜਾਂ ਜਿਸ ਦਾ ਧਾਰਨ ਕਰਨਾ, ਸਮਾਨ ਅਤੇ ਉਚ ਅਵਸਥਾ ਦੇ ਬਿਬੇਕੀ ਮਾਤ੍ਰ ਲਈ ਅਵੱਸ਼ ਜ਼ਰੂਰੀ ਹੈ। ਪੂਰਨ ਬਿਬੇਕੀ ਜਨ ਤੋਂ ਅਵੱਸ਼ਮੇਵ ਹੀ ਓਹੀ ਸੁਕਰਮ ਕਰਮ ਹੋਣਗੇ ਜੋ ਗੁਰਮਤਿ ਅਨਕੂਲ ਹਨ। ਗੁਰਮਤਿ ਪ੍ਰਤਿਕੂਲ ਯਾ ਗੁਰਮਤਿ ਬਿਬਰਜਤ ਕਰਮ ਪੂਰਨ ਬਿਬੇਕੀ ਜਨ ਤੋਂ ਹੋਣੇ ਅਨੁਚਿਤ ਹਨ। ਸਾਰ ਕਰਣੀ ਦੇ ਸਾਧਨ ਸੰਪੰਨ ਕਰਮ ਕਮਾਉਂਦੇ ਹੋਏ ਏਸ ਗੱਲ ਦਾ ਪੂਰਨ ਅਤੇ ਪੱਕਾ ਖ਼ਿਆਲ ਖਿਨ ਖਿਨ ਮਾਤ੍ਰ ਰਖਣਾ ਬਿਬੇਕੀ ਜਨ ਨੂੰ ਲੋੜੀਦਾ ਹੈ ਕਿ ਕਿਤੇ ਉਕਤ ਸਾਧਨ ਸੰਪੰਨ ਕਰਮਾਂ ਵਿਚ ਅਟਕ ਕੇ ਹੀ ਨਾ ਉਰਝ ਜਾਵੇ। ਅਤੇ ਮੁਖ ਮੰਤਵੀ ਸਾਰ ਕਰਣੀ ਨੂੰ ਨਾ ਵਿਸਾਰ ਬੈਠੇ, ਅਤੇ ਪਾਰ ਕਰਣੀ ਦੇ ਸਾਰ ਕਰੰਮ ਤੋਂ ਬੇਮੁਖ ਹੋ ਕੇ ਉਰਾਰ ਕਰਮਾਂ ਵਿਚੋਂ ਕਿਸੇ ਇਕ ਅਧਿਕ ਕਰਮ ਨੂੰ ਹੀ ਮੁਖ ਕਰਮ ਨਾ ਮੰਨ ਬੈਠੇ।

ਮੁਖ ਮੰਤਵ ਹੈ ਸਾਡਾ ਨਾਮ ਦਵਾਰਾ ਨਾਮੀ ਅਕਾਲ ਪੁਰਖ ਦੀ ਪ੍ਰਾਪਤੀ। ਨਾਮੀ ਦੀ ਪ੍ਰਾਪਤੀ ਕਰਾਵਣ-ਹਾਰਾ ਨਾਮ ਸਾਡਾ ਮੁਖ ਕਰਮ ਹੈ। ਜਿਤਨੇ ਵੀ ਹੋਰ ਕਰਮ ਗੁਰਬਾਣੀ ਅਥਵਾ ਗੁਰਮਤਿ ਦਵਾਰਾ ਸਾਨੂੰ ਦ੍ਰਿੜ੍ਹਾਏ

*ਰਾਮਕਲੀ ਮ: ੧, ਸਿਧ ਗੋਸਟਿ, ਅੰਕ ੨੦, ਪੰਨਾ ੯੪੦



www.AKJ.Org

www.AKJ.Org

ਗਏ ਹਨ ਜਾਂ ਦ੍ਰਿੜ੍ਹਾਏ ਜਾਂਦੇ ਹਨ, ਏਸੇ ਸਿਫਤਿ ਸਾਲਾਹ ਦੀ ਸਾਧਨਾ ਲਈ ਸਹਾਇਕ ਕਰਮ ਹਨ। ਪ੍ਰੰਤੂ ਜੇ ਸਿਫਤਿ ਸਾਲਾਹ ਤੋਂ ਬੇਮੁਖ ਹੋ ਕੇ ਜਾਂ ਸਿਫਤਿ ਸਾਲਾਹ ਨੂੰ ਸਰਸਰੀ ਸਮਝ ਕੇ ਕੇਵਲ ਏਹਨਾਂ ਸਾਧਨ ਸੰਪੰਨ ਸਹਾਇਕ ਕਰਮਾਂ ਵਿਚ ਖੱਚਤ ਹੋ ਜਾਈਏ ਅਤੇ ਏਹਨਾਂ ਨੂੰ ਹੀ ਮੁਖ ਮੰਤਵੀ ਕਰਮ ਸਮਝਣ ਲਗ ਪਵੀਏ ਤਾਂ ਇਹ ਸਾਡੀ ਬਿਬੇਕ ਬਿਵਸਥਾ ਦੀ ਅਧੋਗਤੀ ਦੇ ਲਛਣ ਹੋਣਗੇ। ਉੱਚ ਬਿਬੇਕ ਦੇ ਖੋਜੀ ਲਈ ਆਪਣੇ ਮੰਤਵ ਤੋਂ ਬੇਮੁਖ ਹੋ ਜਾਣਾ ਗੁਰਮਤਿ ਮਾਰਗ ਦੇ ਅਸਲੀ ਸਿਧਾਂਤ ਤੋਂ ਪ੍ਰੇਡੇ ਜਾ ਪੈਣਾ ਹੈ। ਪ੍ਰੰਤੂ ਜਿਨ੍ਹਾਂ ਗੁਰਮਤਿ ਦ੍ਰਿੜ੍ਹਾਏ ਸੁਕਰਮ-ਕਰਮਾਂ ਦੇ ਕਰਨ ਕਰਕੇ ਬਿਬੇਕੀ ਜਨ ਆਪਣੇ ਉਚ ਬਿਬੇਕ ਦੇ ਸੁਹਾਗ ਭਾਗ ਨੂੰ ਪ੍ਰਾਪਤ ਹੋਇਆ ਹੈ, ਜੇ ਉਕਤ ਗੁਰਮਤਿ ਅਨਕੂਲ ਸੁਕਰਮ ਕਰਮਾਂ ਦਾ, ਅਰਥਾਤ, ਗੁਰੂ ਦ੍ਰਿੜ੍ਹਾਈ ਰਹਤ ਰਹਿਣੀ ਵਾਲੇ ਬਿਬੇਕ ਧਾਰਨਾ ਦਾ ਉਹ ਪਰੀ-ਤਿਆਗ ਕਰ ਦੇਵੇ ਤਾਂ ਇਹ ਕੇਵਲ ਉਸ ਦੀ ਅਕ੍ਰਿਤਘਣਤਾ ਅਤੇ ਬਿਬੇਕ-ਊਣਤਾ ਹੈ, ਕਿੰਤੂ ਦੂਤੀ ਗੁਰਮਤਿ ਪੈਰੋਕਾਰ ਜਗਿਆਸੂਆਂ ਨੂੰ ਗੁਮਰਾਹ ਕਰਨ ਦਾ ਕੁਚੱਜ ਹੈ।

**ਸੰਜਮ-ਸਾਧਨ ਸੰਵੁਕਤ ਨਾਮ ਦੇ ਹੀ ਵਿਧਾਨ ਰੂਪ ਹਨ :**

ਇਸ ਬਾਤ ਦਾ ਹਰ ਸਮੇਂ ਖ਼ਿਆਲ ਰਖਣਾ ਚਾਹੀਦਾ ਹੈ ਕਿ ਉਕਤ ਸੰਜਮ-ਸਾਧਨ ਰੂਪੀ ਕਰਮ, ਨਾਮ ਸਿਫਤਿ ਸਾਲਾਹ ਰੂਪੀ ਕਰਮਨ ਸਿਰ ਕਰਮ ਦੇ ਸੰਵੁਕਤ ਕੀਤੇ ਜਾਣ, ਕਿਉਂਕਿ ਇਸ ਕਰਮਨ ਸਿਰ ਕਰਮ (ਸਿਰਤਾਜ ਕਰਮ) ਦੇ ਤਾਬੇ ਸਭ ਕਰਮ ਹਨ। ਸੋ ਇਸ ਦੇ ਤਾਬੇ ਹੀ ਸਭ ਕਰਮ ਅਸੀਂ ਕਰਨੇ ਹਨ। ਨਾਮ ਦ੍ਰਿੜ੍ਹਾਵਣ ਹਿਤ ਇਹ ਕਰਮ ਹਨ। ਜੇ ਨਾਮ-ਮੁਖ ਕਰਮ ਲਾਂਭੇ ਹੀ ਰਹਿ ਜਾਵੇ ਅਤੇ ਅਸੀਂ ਏਹਨਾਂ ਸੰਜਮ-ਸਾਧਨ ਰੂਪੀ ਕਰਮਾਂ ਵਿਚ ਹੀ ਅਟਕ ਕੇ ਉਰਝ ਜਾਈਏ ਤਾਂ ਇਸ ਦਾ ਤਾਂ ਇਹ ਭਾਵ ਹੈ ਕਿ ਅਸੀਂ ਉਕਤ ਸੰਜਮਾਂ-ਸਾਧਨਾਂ ਨੂੰ ਹੀ ਮੁਖ ਕਰਮ ਸਮਝਿਆ ਹੋਇਆ ਹੈ। ਇਹ ਲੱਛਣ ਅਧੋਗਤੀ ਦੇ ਹਨ। ਅਤੇ ਨਾ ਹੀ 'ਨਿਰਾ ਨਾਮੁ' ਏਹਨਾਂ ਸੰਜਮ-ਸਾਧਨਾਂ ਬਿਹੂਣ ਬਣਿ ਆਂਵਦਾ ਹੈ। ਗੁਰਮਤਿ ਦ੍ਰਿੜ੍ਹਾਏ ਸੰਜਮ-ਸਾਧਨ ਨਾ ਕੀਤੇ ਵਰਤੇ ਜਾਣ ਤਾਂ ਨਿਰਾ 'ਨਾਮ' ਜਪਣ ਨਾਲ ਨਾਮ ਦੀ ਚੜ੍ਹਦੀ ਕਲਾ ਨਹੀਂ ਹੋ ਸਕਦੀ। ਤਾਂ ਤੇ ਨਾਮ ਦੇ ਨਾਲ, ਅਰਥਾਤ, ਸਿਫਤਿ-ਸਾਲਾਹ ਦੇ ਸੰਗ ਸਾਥ ਸਾਧਨ-ਸੰਜਮੀ ਕਰਮਾਂ ਦਾ ਕਰਦੇ ਰਹਿਣਾ ਭੀ ਅਵੱਸ਼ ਜ਼ਰੂਰੀ ਹੈ। ਬਸ ਜਿਸ ਪ੍ਰਕਾਰ ਗੁਰਮਤਿ ਅੰਦਰਿ ਸੰਜਮ-ਸਾਧਨ ਸੰਪੰਨ ਕਰਮਾਂ ਦੇ ਸੰਵੁਕਤ ਹੀ ਨਾਮ ਜਪਣ ਦਾ ਵਿਧਾਨ ਹੈ ਤਿਸ ਪ੍ਰਕਾਰ ਨਾਮ ਦੇ ਸੰਗ ਸਾਥ ਹੀ ਸੰਜਮ-ਸਾਧਨਾਂ ਦਾ ਨੇਮ ਨਿਭਾਉਣਾ ਜ਼ਰੂਰੀ ਹੈ। ਉਦਾਹਰਣ ਲਈ ਦੇਖੋ ਜੈਸੇ ਕਿ 'ਇਸ਼ਨਾਨ', 'ਨਾਮ' ਦਾ ਇਕ ਸਾਧਨ ਸੰਪੰਨ ਸਹਾਈ ਕਰਮ ਹੈ। ਪਰ ਨਿਰਾ 'ਇਸ਼ਨਾਨ' ਨਾਮ ਬਿਹੂਣ ਗੁਰਮਤਿ ਅੰਦਰ ਪ੍ਰਵਾਨ ਨਹੀਂ। ਤੈਸੇ 'ਨਾਮ' ਦਾ ਭੀ ਬਿਨਾ ਇਸ਼ਨਾਨ ਦੇ ਗੁਰਮਤਿ ਅੰਦਰ ਵਿਧਾਨ ਨਹੀਂ। ਕਿਉਂਕਿ 'ਇਸ਼ਨਾਨ' ਨਾਮ ਨੂੰ ਚੜ੍ਹਦੀ ਕਲਾ ਵਿਖੇ ਲੈ ਜਾਂਦਾ ਹੈ। ਦਸੇ ਸਤਿਗੁਰੂ ਸਾਹਿਬਾਨ ਨਾਮ ਦੇ ਪੁੰਜ, ਨਾਮ ਦੇ ਸਰਸ਼ਾਰ ਦਸਮੇਂ ਹੋ ਕੇ ਭੀ ਇਸ਼ਨਾਨ ਦਾ ਨੇਮ ਨਿਤਾ-ਪ੍ਰਤੀ ਨਿਭਾਉਂਦੇ ਰਹੇ। ਤਾਂ ਤੇ ਸਤਿਗੁਰ ਦੇ ਉਪਦੇਸ਼ੇ ਅਤੇ ਨਮੂਨਾ ਬਣ ਕੇ ਖ਼ੁਦ ਕਮਾਏ ਕਰਮਾਂ ਦਾ ਕਰਨਾ ਸਤਿਗੁਰੂ ਦੇ ਸਿਖਾਂ ਦਾ ਅਵੱਸ਼ ਜ਼ਰੂਰੀ ਧਰਮ (ਫ਼ਰਜ਼) ਹੈ। ['ਗੁਰਮਤਿ ਬਿਬੇਕ' ਪੁਸਤਕ ਵਿਚੋਂ]

---

[ਸਫ਼ਾ ੯ ਦੀ ਬਾਕੀ] "ਸੁਖੁ ਮਨੁ ਸੰਤੋਖਾਏ ॥" ਅਤੇ ਜਿਨ੍ਹਾਂ ਦੇ ਬਸਤਰ ਏਤਨੇ ਜਾਰਨ ਅਤੇ ਮਸਤਾਨੇ ਹੋ ਰਹੇ ਹੋਣ ਕਿ ਨੰਗ ਢਕਣ ਦੀ ਭੀ ਓਹਨਾਂ ਕੋਲ ਪ੍ਰੋਖੋਂ ਨ ਹੋਵੇ, ਪ੍ਰੰਤੂ ਇਕ ਅਕਾਲ ਦੇ ਰੰਗਾਂ ਵਿਚ ਰੱਤੇ ਮਸਤੂਲ ਮਸਤ ਫਿਰਦੇ ਹੋਣ, ਤਾਂ ਭੀ ਸੋਭਾ ਪਾਉਂਦੇ ਤੇ ਸੁਹਾਵੇ ਸੁਹਣੇ ਲਗਦੇ ਹਨ।

ਪ੍ਰੰਤੂ ਇਸ ਤੋਂ ਉਲਟ ਓਹ ਧਉਲਰ ਮੰਦਰ ਕਿਸੇ ਕੰਮ ਨਹੀਂ ਕਿ "ਜਿਤੁ ਹਰਿ ਬਿਸਰਾਏ ॥" ਅਤੇ ਓਹ ਵਡਪੁਣਾ ਭੱਠ ਰੂਪ ਹੈ ਜਿਸਦੇ ਕਾਰਨ ਕਿ "ਜਿਤੁ ਨਹ ਤ੍ਰਿਪਤਾਏ ॥" ਅਤੇ ਓਹ ਪਾਟ ਪਟੰਬਰ ਬਿਰਥੇ ਹਨ "ਜਿਹ ਰਚਿ ਲੋਭਾਏ ॥" ਜਿਨ੍ਹਾਂ ਅਡੰਬਰਾਂ ਵਿਚ ਰਚ ਪਚ ਕੇ ਪ੍ਰੀਤਮ ਪਰਵਰਦਗਾਰ ਸੁਆਮੀ ਸਿਰਜਨਹਾਰ ਦਾ ਨਾਮ ਵਿਸਰ ਜਾਂਦਾ ਹੋਵੇ ਅਤੇ ਜਿਨ੍ਹਾਂ ਵਡਫੂਲੀਆਂ ਕਰਮ ਕਰਤੂਤਾਂ ਕਰਕੇ ਮਾਇਆ ਵਿਚ ਲੰਪਟ ਹੋ ਜਾਈਦਾ ਹੋਵੇ ਅਤੇ ਜਿਨ੍ਹਾਂ ਰਾਜ ਸਾਜ ਦੀਆਂ ਕਾਮਨਾਂ ਕਰਕੇ ਕਦੇ ਭੀ ਨਹੀਂ ਤ੍ਰਿਪਤਾਈਦਾ ਹੋਵੇ, ਸਗੋਂ ਓਹਨਾਂ ਵਿਚ ਰਚ ਕੇ ਹੋਰ ਵਧੇਰੇ ਤੋਂ ਵਧੇਰੇ ਲੁਭਾ ਜਾਈਦਾ ਹੋਵੇ, ਅਜਿਹੇ ਕੁਢੰਗਾਂ ਵਿਚ ਪੈਣਾ ਬ੍ਰਿਵਰਜਤ ਹੈ ਅਤੇ ਅਜਿਹਾ ਜੀਵਨ ਜੀਊਣਾ ਹੀ ਬੇਅਰਥ ਹੈ।

['ਗੁਰਮਤਿ ਬਿਬੇਕ' ਪੁਸਤਕ ਵਿਚੋਂ]

www.AKJ.Org

www.AKJ.Org

# ਭਲੀ ਸੁਹਾਵੀ ਛਾਪਰੀ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਪ੍ਰਿਅ ਪ੍ਰੀਤਮ ਦੇ ਦਰਸ ਪਿਆਸ ਸੁਹਾਗ ਭਾਗ ਦੇ ਅਕਾਂਖੀਆਂ ਨੂੰ ਭਲਾ ਹੋਰ ਅਡੰਬਰਾਂ ਨਾਲ ਤਾਤਪਰਜ ਕੀ ? ਇਉਂ ਉਚ ਅਕਾਂਖਿਆ ਦੇ ਹੋਂਦਿਆਂ ਨਾਮ ਮਹਾਂ ਰਸ ਦਾ ਭੋਜਨ ਅਹਾਰ ਗੁਰਮਤਿ ਬਿਬੇਕ ਦੇ ਧਾਰਨੀ ਗੁਰਮੁਖ ਜਨਾਂ ਨੂੰ ਤ੍ਰਿਪਤ ਕਰਾਵਣਹਾਰ ਹੈ। ਵੱਡ ਅਡੰਬਰੀ ਭੋਜਨ ਬਿੰਜਨਾਂ ਦੀ ਰੁਚੀ ਉਨ੍ਹਾਂ ਦੀ ਸੁਰਤੀ ਬਿਰਤੀ ਉਤੇ ਕਦੇ ਭੀ ਪ੍ਰਬਲ ਨਹੀਂ ਪੈ ਸਕਦੀ। ਪ੍ਰਬਲ ਤਾਂ ਕੀ ਪੈਣੀ ਸੀ, ਇਹ ਰੁਚੀ ਉਹਨਾਂ ਨੂੰ ਉਪਜ ਵਿਆਪ ਹੀ ਨਹੀਂ ਸਕਦੀ। ਜੈਸਾ ਕਿ ਅਗਲੇ ਗੁਰਵਾਕ ਦਾ ਤਾਤਪਰਜ ਹੈ। ਯਥਾ ਗੁਰਵਾਕ :

ਵਾਰਿ ਵਾਰਉ ਅਨਿਕ ਡਾਰਉ ॥ ਸੁਖ ਪ੍ਰਿਅ ਸੁਹਾਗ ਪਲਕ ਰਾਤ ॥੧॥ਰਹਾਉ॥
ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ ॥੧॥
ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ ॥
ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥੨॥੩॥੪੨॥

ਕਾਨੜਾ ਮ: ੫, ਪੰਨਾ ੧੩੦੬

ਇਸ ਗੁਰਵਾਕ ਦੇ ਭਾਵ ਤੋਂ ਇਹ ਭੀ ਸਿਧ ਹੋਇਆ ਕਿ ਗੁਰਮੁਖ ਬਿਬੇਕੀ ਜਨਾਂ ਪ੍ਰਿਅ ਪ੍ਰੀਤਮ ਦੇ ਦਰਸ-ਪ੍ਰਯੋਜਨੀਆਂ ਨੂੰ ਅਨਿਕ ਪ੍ਰਕਾਰੀ ਅਤੇ ਵੱਡ ਅਡੰਬਰੀ ਰਸਾਂ ਅਤੇ ਰਾਜ ਮੰਦਰਾਂ ਦੇ ਪਾਟ ਪਟੰਬਰੀ ਸੇਜ ਸੇਜੰਬਰੀ ਸੁਖਾਂ ਨਾਲੋਂ 'ਰੂਖੋ ਭੋਜਨੁ ਭੂਮਿ ਸੈਨ' ਦੀ ਸਧਾਰਨ ਬਿਰਤ ਬਿਖੇ ਸਗੋਂ ਸੁਹਣੀ ਵਿਹਾਉਂਦੀ ਹੈ। ਗੁਰੂ ਘਰ ਵਿਖੇ ਗੁਰਮਤਿ ਬਿਬੇਕੀ ਜਨਾਂ ਦੀ ਗੁਰਮੁਖਿ ਗਰੀਬੀ ਵਾਲੀ ਬਿਰਤ ਨੂੰ ਤ੍ਰੈਗੁਣੀ ਸਿਕਦਾਰੀ, ਵਡ ਗ੍ਰਿਹੰਬਾਰੀ ਵਾਲ ਰਾਜ ਬਿਰਤ ਨਾਲੋਂ ਅਨਿਕ ਗੁਣਾ ਅਧਿਕ ਸਰੇਸ਼ਟ ਅਤੇ ਸ਼ੋਭਨੀਕ ਮੰਨਿਆ ਪਰਮੰਨਿਆ ਗਿਆ ਹੈ। ਜੈਸੇ ਕਿ ਅਗਲੇਰੇ ਗੁਰ-ਪ੍ਰਮਾਣ ਦਾ ਭਾਵ ਹੈ। ਯਥਾ ਗੁਰਵਾਕ :

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥੧॥ਰਹਾਉ॥
ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ ॥
ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ ॥੧॥
ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ ॥
ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥
ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ ॥
ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥੩॥
ਸਭੁ ਕਿਛੁ ਤੁਮ੍ਹ੍ਹਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥੪॥੧॥੪੧॥

ਸੂਹੀ ਮਹਲਾ ੫ ਘਰ ੪, ਪੰਨਾ ੭੪੫

ਇਸ ਗੁਰਵਾਕ ਦੇ ਭਾਵ ਅਨੁਸਾਰ ਗੁਰਮਤਿ ਬਿਬੇਕੀ ਜਨਾਂ ਨੂੰ ਇਹ ਵਿਵੇਚਨਾ ਪੂਰਤ ਸਿਖਸ਼ਾ ਮਿਲਦੀ ਹੈ ਕਿ ਓਹ ਸਧਾਰਨ ਸੂਧੀ ਸਾਦੀ ਕੁਟੀਆ ਤੇ ਕੱਖਾਂ ਕਾਨਿਆਂ ਦੀ ਬਣੀ ਝਉਂਪੜੀ ਹੀ ਭਲੀ ਅਤੇ ਸੁਹਾਵੀ ਹੈ ਕਿ "ਜਾ ਮਹਿ ਗੁਨ ਗਾਏ।" ਓਹ ਸਾਧ ਸੰਗ ਦੇ ਬਸੇਬੇ ਵਾਲੀ ਗਰੀਬੀ ਹੀ ਅਨੰਦ ਰੂਪ ਹੈ ਕਿ "ਜਿਤੁ ਪ੍ਰਭਿ ਚਿਤਿ ਆਏ ॥" ਓਹ ਪੀਸਣੇ ਪੀਸ ਕੇ ਤੇ ਕੰਬਲੀ ਓਢ ਕੇ ਗੁਜ਼ਰਾਨ ਕਰਨ ਵਾਲੀ ਜ਼ਿੰਦਗੀ ਹੀ ਸ਼ੋਭਨੀਕ ਹੈ ਜਿਸ ਕਰਕੇ

 [ਬਾਕੀ ਦੇਖੋ ਸਫ਼ਾ ੮ ਦੇ ਹੇਠ] 

www.AKJ.Org
www.AKJ.Org

# ਸਾਵਣੁ ਆਇਆ ਹੇ ਸਖੀ !

[ ਗਿਆਨੀ ਹਰਿਬੰਸ ਸਿੰਘ ਜੀ ਤੇਗ, ਲੈਸਟਰ (ਯੂ. ਕੇ) ]

ਸਾਵਣ ਇਕ ਦੇਸੀ ਮਹੀਨੇ ਦਾ ਨਾਮ ਹੈ, ਜੋ ਸੰਬਤ ਸਾਲ ਦਾ ਪੰਜਵਾਂ ਮਹੀਨਾ ਹੈ। ਇਸ ਮਹੀਨੇ ਦੀ ਪੂਰਨਮਾਸ਼ੀ ਸਮੇਂ ਸ਼੍ਰਾਵਣ ਨਛੱਤਰ ਹੋਣ ਕਾਰਨ ਇਹ ਨਾਮ ਇਸ ਮਹੀਨੇ ਦਾ ਹੈ। ਵੈਸੇ 'ਸਾਵਣ' ਸ਼ਬਦ ਗੁਰਬਾਣੀ ਵਿਚ ਹੋਰ ਭੀ ਭਾਵਾਰਥ ਲਈ ਆਇਆ ਹੈ। ਸਾਵਣ ਦੇ ਭਾਵਾਰਥ ਗੁਰੂ-ਕਿਰਪਾ ਦਾ ਪ੍ਰਤੀਕ ਬੱਦਲ, ਮਨੁੱਖਾ ਜੀਵਨ ਅਤੇ ਖੁਸ਼ੀ ਖੇੜੇ ਦਾ ਸਮਾਂ। ਪ੍ਰੀਤਮ ਪਿਆਰੇ ਦੇ ਮਿਲਾਪ ਦਾ ਸਮਾਂ ਭੀ ਸਾਵਣ ਕਰਕੇ ਦਰਸਾਇਆ ਗਿਆ ਹੈ। ਆਤਮਕ ਰਸ ਦਾ ਉਹ ਸਮਾਂ ਜੋ ਸੰਸਾਰੀ ਜੀਵਨ ਵਿਚ ਤ੍ਰਿਸ਼ਨਾ, ਭਟਕਣਾ, ਕਾਮ-ਕ੍ਰੋਧ ਆਦਿਕ ਵਿਕਾਰਾਂ ਦੀ ਮਾਰ ਤੋਂ ਬਚ ਕੇ ਸਤਸੰਗਤਿ ਦੀ ਕਿਰਪਾ ਨਾਲ ਟਿਕਾਅ ਵਿਚ ਗੁਜ਼ਾਰਿਆ ਜਾਵੇ। ਪ੍ਰਭੂ-ਪ੍ਰੀਤਮ ਦੇ ਮਿਲਾਪ ਦੀ ਝਲਕ, ਆਤਮ-ਰਸ ਦਾ ਅਨੋਖਾ ਜਿਹਾ ਸੁਆਦ, ਜੋ ਬਿਆਨ ਤੋਂ ਬਾਹਰਾ ਹੈ, ਭੀ ਸਾਵਣ ਕਰਕੇ ਲਿਖਿਆ ਹੈ।

ਗੁਰੂ-ਕਿਰਪਾ ਦੇ ਵਰ੍ਹਦੇ ਬੱਦਲਾਂ ਦੇ ਹੁੰਦੇ ਸੁੰਦੇ ਭੀ ਜਿਵੇਂ ਜਵਾਹਾਂ ਦਾ ਬੂਟਾ ਪਾਣੀ ਵਿਚ ਸੁੱਕ ਸੜ ਜਾਂਦਾ ਹੈ, ਇਵੇਂ ਹੀ ਇਸ ਸਮੇਂ ਦਾ ਲਾਹਾ ਨਾ ਲੈ ਸਕਣ ਵਾਲੇ ਅਭਾਗੇ ਜੀਵ ਇਸ ਮਨੁੱਖਾ-ਜੀਵਨ ਦਾ ਲਾਹਾ ਲੈਣ ਦੀ ਥਾਂ ਹੋਰ ਹੋਰ ਪਾਸੇ ਦੀ ਰੁਚੀ ਕਾਰਨ ਦੁਖੀ ਹੋ ਰਹੇ ਹਨ, ਸੜ ਰਹੇ ਹਨ। ਸਾਵਣ ਤੋਂ ਭਾਵ ਮਨੁੱਖਾ ਜੀਵਨ ਭੀ ਹੈ। ਜਦੋਂ ਪ੍ਰਾਣੀ-ਮਾਤਰ ਪ੍ਰਭੂ-ਪਰਮਾਤਮਾ ਦੀ ਯਾਦ ਹਿਰਦੇ ਵਿਚ ਟਿਕਾਈ ਰਖਦਾ ਹੈ ਤਾਂ ਇਹ ਜੀਵਨ ਭੀ ਅਤਿ ਉਤਮ ਹੀ ਪ੍ਰਤੀਤ ਹੁੰਦਾ ਹੈ।

ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥ (ਮ: ੫ ਮਾਝ, ੧੩੪)

ਪ੍ਰੀਤਮ ਦੀ ਯਾਦ ਵਾਲੀਆਂ ਸੁਹਾਗਣ-ਜੀਵ ਇਸਤ੍ਰੀਆਂ ਲਈ ਸਾਵਣ ਬਹੁਤ ਸੁਹਾਵਣਾ ਹੋ ਨਿਬੜਦਾ ਹੈ। ਸੁਹਾਗਣਿ ਦੀਆਂ ਨਿਸ਼ਾਨੀਆਂ ਸਤਿਗੁਰੂ ਜੀ ਇਉਂ ਫੁਰਮਾਉਂਦੇ ਹਨ :—

ਸਾਈ ਸੁਹਾਗਣਿ ਜੋ ਪ੍ਰਭ ਭਾਈ ॥
ਤਿਸ ਕੈ ਸੰਗਿ ਮਿਲਉ ਮੇਰੀ ਮਾਈ ॥੧॥ਰਹਾਉ॥੮੪ (ਪੰਨਾ ੩੯੧)
ਆਗਿਆਕਾਰੀ ਸਦਾ ਸੋੁਹਾਗਣਿ ਆਪਿ ਮੇਲੀ ਕਰਤਾਰਿ ॥
ਨਾਨਕ ਪਿਰੁ ਪਾਇਆ ਹਰਿ ਸਾਚਾ ਸਦਾ ਸੋੁਹਾਗਣਿ ਨਾਰਿ ॥੧॥੧॥ (ਪੰਨਾ ੭੮੫)

ਸੁਹਾਗਣਿ ਬਣਨ ਲਈ ਸੂਹਾ ਰੰਗ ਤਿਆਗ ਕੇ ਲਾਲ ਰੰਗ ਦਾ ਸ਼ਿੰਗਾਰ ਕਰਨ ਲਈ ਭੀ ਚਿਤਾਵਨੀ ਹੈ, ਕਿਉਂ ਜੁ 'ਸੂਹੇ ਰੰਗ' ਨੂੰ ਵਿਕਾਰਾਂ ਲਈ ਉਤੇਜਤ ਕਰਨ ਦੇ ਪ੍ਰਤੀਕ ਵਜੋਂ ਭੀ ਗੁਰਬਾਣੀ ਨੇ ਬਿਆਨ ਕੀਤਾ ਹੈ। ਭਾਵ ਹੈ ਕਿ ਬਾਹਰਲੀ ਸ਼ੋਖ ਚੰਚਲ ਬਿਰਤੀ, ਜੋ ਅੰਦਰਲੀ ਪ੍ਰੇਮ-ਭਾਵਨਾ ਵਾਲੇ ਲਾਲ ਰੰਗ ਤੋਂ ਵਿਰਵੀ ਹੈ, ਉਹ ਵੇਸਵਾ ਵਾਲੇ ਹਾਰ ਸ਼ਿੰਗਾਰ ਤੋਂ ਵਧ ਕੀਮਤ ਨਹੀਂ ਰਖਦੀ। ਇਸੇ ਕਰਕੇ ਨਿਰੇ ਸੂਹੇ ਰੰਗ ਜਾਂ ਸੂਹੇ ਬਸਤਰਾਂ ਨੂੰ ਗੁਰਮਤਿ ਨੇ ਕੋਈ ਅਹਿਮੀਅਤ ਨਹੀਂ ਦਿਤੀ, ਸਗੋਂ ਪਹਿਲਾਂ ਅੰਦਰੋਂ ਵੀਚਾਰਤਮਿਕ ਗੁਣਾਂ ਨੂੰ ਸੰਭਾਲਣ ਲਈ ਪ੍ਰੇਰਨਾ ਦਿਤੀ ਹੈ। ਤਾਂ ਹੀ ਤੇ ਸਮਾਜੀ ਜੀਵਨ ਵਿਚ ਵਰ-ਪ੍ਰਾਪਤ ਹੋਣ ਤੋਂ ਪਹਿਲਾਂ ਜੋਬਨ-ਬਾਲੜੀ (ਰੂਪੀ ਸਿਖ) ਨੇ ਗੁਣਾਂ ਦੀ ਪੂੰਜੀ ਇਕੱਤਰ ਕਰਨੀ ਹੈ, ਤਾਂ ਜੁ ਸਹੁਰੇ ਘਰ ਜਾ ਕੇ ਪਤੀ ਨੂੰ ਗੁਣਾਂ ਕਰਕੇ ਰਿਝਾ ਸਕੇ। ਨਿਰੇ ਬਾਹਰਲੀ ਚਮਕ ਦਮਕ ਜਾਂ ਬਾਹਰਲੇ ਲਿਬਾਸ ਵਾਲੀ, ਗੁਣਾਂ (ਕਰਮਾਂ) ਤੋਂ ਹੀਣੀ ਪਤੀ ਦੇ ਘਰ ਸਤਿਕਾਰ ਨਹੀਂ ਪਾਉਂਦੀ। ਗੁਰਬਾਣੀ ਨੇ ਅਸਾਂ ਜੀਵ-ਇਸਤ੍ਰੀਆਂ ਨੂੰ ਐਸੇ ਪ੍ਰਮਾਣ ਵਾਰ ਵਾਰ ਦੇ ਕੇ ਸਮਝਾਇਆ ਹੈ—

ਮੁੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ ॥
ਆਵਣ ਜਾਣਾ ਵੀਸਰੈ ਗੁਰ ਸਬਦੀ ਵੀਚਾਰੁ ॥੨॥੫॥ (ਮ: ੩—੭੮੭)
ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ॥
ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ ॥੨॥੩॥ (ਪੰਨਾ ੭੮੬)

www.AKJ.Org



www.AKJ.Org

ਏਸੇ ਕਰਕ ਗੁਰਬਾਣੀ ਨੇ ਸਮਝਾਇਆ ਹੈ ਕਿ ਪਹਿਲਾਂ ਕੰਤ ਨੂੰ, ਪ੍ਰੀਤਮ ਪਿਆਰੇ ਨੂੰ ਰਾਜ਼ੀ ਕਰ, ਫਿਰ ਤੇਰੇ ਹਾਰ ਸ਼ੀਂਗਾਰ ਕੀਤੇ ਸੁਹਾਵਣੇ ਲਗਣਗੇ। ਜੇ ਪਤੀ-ਪਿਆਰਾ, ਹਰੀ ਵਾਹਿਗੁਰੂ ਤੇਰੀ ਸੇਜੜੀ ਤੇ ਨਾ ਆਇਆ ਤਾਂ ਤੇਰੇ ਇਹ ਹਾਰ ਸ਼ੀਂਗਾਰ ਕਿਸੇ ਲੇਖੇ ਨਹੀਂ। ਸਾਹਿਬਾਂ ਦਾ ਫੁਰਮਾਨ ਹੈ :—

ਕਾਮਣਿ ਤਉ ਸੀਗਾਰ ਕਰਿ ਜਾ ਪਹਿਲਾਂ ਕੰਤੁ ਮਨਾਇ ॥
ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ ॥੧॥੬॥ (ਸਲੋਕ ਮ: ੩–੭੮੮)

ਆਪਣੇ ਪਿਆਰੇ ਪ੍ਰੀਤਮ ਦੇ ਮਿਲਾਪ ਤੋਂ ਬਿਨਾਂ ਸਭੇ ਹਾਰ ਸ਼ਿੰਗਾਰ ਵੇਸਵਾ ਦੇ ਸ਼ਿੰਗਾਰ ਵਾਂਗ ਹਨ। ਸਮਾਜੀ ਜੀਵਨ ਵਿਚ ਵੇਸਵਾ ਦਾ ਤਾਹੀਉਂ ਆਦਰ-ਸਤਿਕਾਰ ਨਹੀਂ ਕਿ ਉਸ ਦਾ ਖਸਮ ਕੋਈ ਨਹੀਂ, ਨਿਖਸਮੇ ਨਿਗੁਰੇ ਵਿਅਕਤੀ ਦਾ ਜੀਵਨ ਭੀ ਇਸੇ ਤਰ੍ਹਾਂ ਹੀ ਵਿਅਰਥ ਹੈ ਜੋ ਹੋਰ ਹੋਰ ਕੰਮਾਂ ਧੰਧਿਆਂ ਵਿਚ ਬਤੀਤ ਹੋ ਰਿਹਾ ਹੁੰਦਾ ਹੈ, ਉਨ੍ਹਾਂ ਦੇ ਅੰਦਰ ਪ੍ਰਭੂ-ਪਰਮਾਤਮਾ ਲਈ ਕੋਈ ਤੜਪ ਨਹੀਂ, ਉਸ ਦੀ ਪ੍ਰਾਪਤੀ ਲਈ ਉਸ ਦਾ ਸਿਮਰਨ ਨਹੀਂ।

ਬਿਨੁ ਪਿਰ ਕਾਮਣਿ ਕਰੇ ਸੀਂਗਾਰੁ ॥ ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ ॥
ਮਨਮੁਖ ਕਾ ਇਹੁ ਬਾਦਿ ਆਚਾਰੁ ॥ ਬਹੁ ਕਰਮ ਦ੍ਰਿੜਾਵਹਿ ਨਾਮੁ ਵਿਸਾਰਿ ॥੨॥੧॥
(ਮਲਾਰ ਮ: ੩ ਅਸ:, ਪੰਨਾ ੧੨੭੭)

ਦੂਜੇ ਪਾਸੇ ਪ੍ਰਭੂ-ਮਿਲਾਪ ਲਈ ਤੜਪ ਰਹੀ ਇਕ ਬਿਰਹੋਂ-ਕੁਠੀ ਇਸਤ੍ਰੀ ਹੈ, ਜੋ ਪ੍ਰਭੂ-ਮਿਲਾਪ ਲਈ ਤਰਲੇ ਲੈ ਰਹੀ ਹੈ। ਉਸ ਨੂੰ ਪ੍ਰੀਤਮ-ਪਿਆਰੇ ਦੇ ਮਿਲਾਪ ਤੋਂ ਬਿਨਾਂ ਸਾਵਣ ਦੀ ਮਲ੍ਹਾਰਾਂ ਵਾਲੀ ਰੁੱਤ, ਮੋਰਾਂ ਦੀਆਂ ਪੈਲਾਂ, ਮੋਰਾਂ ਦੀ ਰੁਣ-ਝੁਣ, ਸਾਰੇ ਪਾਸੇ ਹਰਿਆਵਲੀ, ਡੱਡੂਆਂ ਦੀ ਗੁੜੈਂ-ਗੁੜੈਂ, ਆਦਿ ਸਭ ਕੁਝ ਕਟਾਰ ਵਾਂਗ ਫੱਟੜ ਕਰ ਰਿਹਾ ਹੈ। ਉਸ ਨੂੰ ਜਦ ਸੁਪਨੇ ਵਿਚ ਭੀ ਪ੍ਰੀਤਮ-ਪਿਆਰਾ ਆ ਕੇ ਹੱਥ ਨਾ ਲੱਗਾ, ਤਾਂ ਉਸ ਦੇ ਮਨ ਚਿ ਪਛਤਾਵਾ ਤੇ ਅੱਖਾਂ 'ਚੋਂ ਨੀਰ ਦੀਆਂ ਧਾਰਾਂ ਵਗ ਤੁਰੀਆਂ। ਉਹ ਇਉਂ ਬਿਲਲਾਉਂਦੀ ਹੈ, ਹੇ ਪ੍ਰੀਤਮਾ ਜੀਉ! ਮੈਂ ਤੇਰੇ ਤੀਕ ਕਿਵੇਂ ਪਹੁੰਚਾਂ? ਤੇਰੇ ਪਾਸ ਕਿਸ ਨੂੰ ਭੇਜਾਂ ਜੋ ਮੇਰੀ ਵੇਦਨਾ ਤੇਰੇ ਤੱਕ ਪਹੁੰਚਦੀ ਕਰੇ? ਹੁਣ ਤਾਂ ਇਕੋ ਹੀ ਸਾਧਨ ਨੀਂਦ ਦਾ ਹੀ ਹੈ, ਮਤੇ ਇਸ ਤਰ੍ਹਾਂ ਸੁਪਨੇ ਵਿਚ ਹੀ ਪ੍ਰੀਤਮ ਦੇ ਦਰਸ਼ਨ ਹੋ ਜਾਣ। ਇਹ ਵੰਗਾਂ, ਇਹ ਹਾਰ ਸ਼ਿੰਗਾਰ, ਇਹ ਵੇਸ, ਇਹ ਬਾਹਾਂ ਭੀ ਸੜ ਜਾਣ, ਜਿਨ੍ਹਾਂ ਨੂੰ ਪ੍ਰੀਤਮ ਦੇ ਗਲ ਲਗਣ ਦਾ ਸੁਭਾਗ ਪ੍ਰਾਪਤ ਨਹੀਂ ਹੋ ਸਕਿਆ। ਹੇ ਪ੍ਰੀਤਮਾ! ਜੇ ਤੂੰ ਮੇਰਾ ਹੋਵੇਂ ਤਾਂ ਹੀ ਮੇਰਾ ਮਾਣ ਹੈ, ਤਾਣ ਹੈ। ਤੇਰੇ ਤੋਂ ਬਿਨਾਂ ਮੇਰਾ ਕੀ ਮਾਣ ਜਾਂ ਤਾਣ ਹੋ ਸਕਦਾ ਹੈ? ਤੇਰੇ ਦਰਸ਼ਨਾਂ ਲਈ ਮੈਂ ਆਪਣਾ ਆਪਾ ਹੀ ਕੁਰਬਾਨ ਕਰ ਦੇਵਾਂ। ਜੇ ਕੋਈ ਮੈਨੂੰ ਤੇਰੀ ਕਨਸੋਅ ਦੇਵੇ, ਤੇਰੇ ਤੀਕ ਪਹੁੰਚਣ ਦਾ ਮਾਰਗ ਅਤੇ ਸ਼ਕਤੀ ਦੇਵੇ, ਤੇਰੇ ਮਿਲਾਪ ਦੀ ਕੋਈ ਜੁਗਤੀ ਦਸੇ ਤਾਂ ਉਸ ਦੀ ਸੇਵਾ ਲਈ ਮੈਂ ਆਪਣਾ ਸਿਰ ਮੂੜ੍ਹਾ ਬਣਾ ਕੇ, ਉਸ ਮੂੜ੍ਹੇ ਉਤੇ ਬੈਠਣ ਲਈ ਬੇਨਤੀ ਕਰਾਂ।

ਐਸਾ ਵਿਚੋਲਾ, ਜੋ ਪ੍ਰਭੂ-ਪ੍ਰੀਤਮ ਨੂੰ ਮਿਲਾ ਸਕਦਾ ਹੈ, ਉਹ ਪੂਰਾ ਗੁਰੂ ਹੀ ਹੋ ਸਕਦਾ ਹੈ, ਜਿਸ ਨੂੰ ਸਿਰ ਦੇਣ ਦਾ ਇਸ਼ਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਵਾਰ ਵਾਰ ਦਿਤਾ ਹੈ। ਇਸ ਬਾਰੇ ਵਡਹੰਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੇਠਾਂ ਦਰਜ ਕੀਤਾ ਸ਼ਬਦ ਵੀਚਾਰਨ ਯੋਗ ਹੈ :—

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ, ਤੇਰੇ ਨਾਮ ਵਿਟਹੁ ਕੁਰਬਾਣੋ ॥
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥
ਨਾ ਮਨੀਆਰੁ ਨ ਚੂੜੀਆ ਨ ਸੇ ਵੰਗੁੜੀਆਹਾ ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥

www.AKJ.Org

www.AKJ.Org

ਸਭਿ ਸਹੀਆ ਸਹੁ ਰਾਵਣਿ ਗਈਆ, ਹਉ ਦਾਧੀ ਕੈ ਦਰਿ ਜਾਵਾ ॥
ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥
ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥
ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥
ਸੁਪਨੈ ਆਇਆ ਭੀ ਗਇਆ, ਮੈ ਜਲੁ ਭਰਿਆ ਰੋਇ ॥
ਆਇ ਨ ਸਕਾ ਤੁਝ ਕਨਿ ਪਿਆਰੇ, ਭੇਜਿ ਨ ਸਕਾ ਕੋਇ ॥
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥
ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥
ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥੧॥੩॥

(ਵਡਹੰਸੁ ਮ: ੧, ਪੰਨਾ ੫੫੭)

ਉਪਰਲੇ ਸ਼ਬਦ ਵਿਚ ਸਤਿਗੁਰੂ ਜੀ ਨੇ ਸੰਸਾਰੀ ਜੀਵਨ ਚੋਂ ਬਿਰਹੋਂ-ਕੁਠੀ ਨਾਰਿ ਵਲੋਂ ਵੇਦਨਾ ਦਸ ਕੇ ਅਧਿਆਤਮਕ ਜੀਵਨ ਲਈ ਸੱਚੀ ਸੁੱਚੀ ਇਹ ਸੇਧ ਬਖ਼ਸ਼ਿਸ਼ ਕੀਤੀ ਹੈ ਕਿ ਸਤਸੰਗਤਿ ਕਰਦਿਆਂ ਮਨ ਵਿਚੋਂ ਹਉਮੈ ਨਿਵਾਰ ਕੇ ਤੇ ਨਿੰਮਰਤਾ ਧਾਰ ਕੇ ਜਗਿਆਸੂ ਨੇ ਉਨ੍ਹਾਂ ਸੁਹਾਗਣੀਆਂ ਤੋਂ ਪ੍ਰੇਰਨਾ ਲੈਣੀ ਹੈ ਜੋ ਪ੍ਰੀਤਮ ਦੇ ਨੇੜੇ ਹਨ। ਉਨ੍ਹਾਂ ਵਰਗੇ ਗੁਣਾਂ ਨੂੰ ਆਪਣੇ ਅੰਦਰ ਵਸਾਣਾ ਹੈ ਅਤੇ ਇਉਂ ਕਰਦਿਆਂ ਪ੍ਰਭੂ ਪਿਆਰੇ ਦੀ ਕਿਰਪਾ ਉਤੇ ਆਸ ਭੀ ਟਿਕਾਈ ਰਖਣੀ ਹੈ, ਅਰਦਾਸਾਂ ਭੀ ਕਰੀ ਜਾਣੀਆਂ ਹਨ। ਫਿਰ ਉਹ ਆਪੇ ਹੀ ਕਿਰਪਾ ਕਰ ਕੇ ਸਾਡੀ ਹਿਰਦੇ-ਸੇਜ ਉਤੇ ਵਸ ਜਾਏਗਾ—

ਸਾਈ ਸੋੁਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ ॥
ਪਿਰਿ ਅਉਗਣ ਤਿਸ ਕੇ ਸਭਿ ਗਵਾਏ ਗਲ ਸੇਤੀ ਲਾਇ ਸਵਾਰੀ ॥੧॥੬॥

(ਮ: ੫ ਰਾਮਕਲੀ, ਪੰਨਾ ੯੫੯)

ਸੋਹਾਗਣੀ ਨੂੰ ਵਰਖਾ ਰੁੱਤ ਸੁਹਾਵਣੀ ਲਗਦੀ ਹੈ। ਜਿਹੜੀ ਜੀਵ-ਇਸਤ੍ਰੀ ਪ੍ਰਭੂ-ਪਤੀ ਦੇ ਭਾਣੇ ਵਿਚ ਚਲਦੀ ਹੈ ਉਸ ਨੂੰ ਪ੍ਰਭੂ ਹੀ ਗੁਰੂ ਰੂਪ ਬੱਦਲ ਹੋ ਕੇ ਵਰ੍ਹਦਾ (ਉਪਦੇਸ਼ ਦਿੰਦਾ) ਪ੍ਰਤੀਤ ਹੁੰਦਾ ਹੈ। ਉਸ ਨੂੰ ''ਮੀਹੁ ਪਇਆ ਪਰਮੇਸਰਿ ਪਾਇਆ'' ਹੀ ਦਿਸਦਾ ਹੈ। ਗੁਰਬਾਣੀ ਨੇ ਇਉਂ ਬਿਆਨ ਕੀਤਾ ਹੈ :—

ਨਾਨਕ ਬਿਜੁਲੀਆ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ ॥
ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ ॥੨॥੨੨॥ (ਮ: ੫, ਪੰਨਾ ੧੧੦੨)

ਸ੍ਰੀ ਗੁਰੂ ਅਮਰਦਾਸ ਜੀ ਸਾਵਣ ਮਹੀਨੇ ਦੀ ਵਰਖਾ ਰੁਤ ਦੇ ਦੋਵੇਂ ਪੱਖ ਬਿਆਨ ਕਰਦੇ ਦਸਦੇ ਹਨ ਕਿ ਦੋਹਾਗਣੀ ਅਤੇ ਸੁਹਾਗਣੀ ਨੂੰ ਇਕੋ ਰੁਤ ਦੋ ਤਰ੍ਹਾਂ ਦੀ ਬਿਆਪਦੀ ਹੈ :—

ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗ ॥
ਨਾਨਕ ਦੁਖੁ ਲਾਗਾ ਤਿਨ੍ ਕਾਮਣੀ ਜਿਨ੍ ਕੰਤੈ ਸਿਉ ਮਨਿ ਭੰਗੁ ॥੨॥੫॥ (ਪੰਨਾ ੧੨੮੦)

ਪਰ ਸੁਹਾਗਣੀ ਲਈ ਇਹੋ ਰੁਤ ਸ਼ੋਭਨੀਕ ਹੈ :

ਊਂਨਵਿ ਊਂਨਵਿ ਆਇਆ ਵਰਸੈ ਲਾਇ ਝੜੀ ॥
ਨਾਨਕ ਭਾਣੈ ਚਲੈ ਕੰਤ ਕੈ ਸੁ ਮਾਣੇ ਸਦਾ ਰਲੀ ॥੧॥੬॥ (ਪੰਨਾ ੧੨੮੦)

ਗੁਰਬਾਣੀ ਨੇ ਸਾਵਣ ਅਤੇ ਪਪੀਹੇ ਨੂੰ ਪ੍ਰਤੀਕ ਜਣਾ ਕੇ ਭੀ ਅਧਿਆਤਮਕ ਪੱਖ ਸਮਝਾਇਆ ਹੈ। ਪਪੀਹੇ ਨੂੰ


www.AKJ.Org
www.AKJ.Org

ਸੰਬੋਧਨ ਕੀਤਾ ਕਿ ਹੇ ਪਪੀਹੇ ! ਤੂੰ ਉਸ ਦਾ ਹੁਕਮ ਮੰਨ, ਤੇਰੀ ਤਿਖ ਤਦੇ ਉਤਰੇਗੀ, ਨਹੀਂ ਤਾਂ ਜਲ ਦੇ ਹੁੰਦੇ ਸੁੰਦੇ ਭੀ ਤੂੰ ਵਿਲਕਦਾ ਹੀ ਰਹੇਂਗਾ। ਤੈਨੂੰ ਜਿੰਨਾ ਚਿਰ ਇਸ ਜਲ ਦੀ ਸੋਝੀ ਨਹੀਂ ਹੋਏਗੀ, ਤੂੰ ਸ਼ਾਂਤ ਨਹੀਂ ਹੋ ਸਕੇਂਗਾ। ਭਾਵ ਇਹੋ ਹੈ ਕਿ ਉਹ ਤਾਂ ਕਿਰਪਾ ਕਰਕੇ ਵਸ ਰਿਹਾ ਹੈ, ਪਰ ਤੂੰ ਹੀ ਬੇ-ਮੁਖ ਹੋਈ ਬੈਠਾ ਹੈਂ, ਅਗਿਆਨਤਾ ਕਾਰਨ ਹੀ ਪਿਆਸਾ ਮਰ ਰਿਹਾ ਹੈਂ।

—ਬਾਬੀਹਾ ਨਾ ਬਿਲਲਾਇ ਨ ਤਰਸਾਇ, ਏਹੁ ਮਨੁ ਖਸਮ ਕਾ ਹੁਕਮੁ ਮੰਨਿ ॥
ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ॥੧॥੯॥(ਸਲੋਕ ਮ:੩,ਪੰਨਾ ੧੨੮੨)
—ਬਾਬੀਹਾ ਜਲ ਮਹਿ ਤੇਰਾ ਵਾਸੁ ਹੈ ਜਲ ਹੀ ਮਾਹਿ ਫਿਰਾਹਿ ॥
ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ ॥
ਜਲ ਥਲ ਚਹੁੰ ਦਿਸਿ ਵਰਸਦਾ ਖਾਲੀ ਕੋ ਥਾਉ ਨਾਹਿ ॥
ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ ॥
ਨਾਨਕ ਗੁਰਮੁਖਿ ਤਿਨ ਸੋਝੀ ਪਈ ਜਿਨ ਵਸਿਆ ਮਨ ਮਾਹਿ।੨॥੯॥ (ਮ: ੩, ਪੰਨਾ ੧੨੮੨)

ਸਤਿਗੁਰੂ ਜੀ ਤਾਂ ਫ਼ੁਰਮਾਉਂਦੇ ਹਨ ਕਿ ਵਰਖਾ ਰੁਤ ਵਿਚ ਮਲ੍ਹਾਰ ਰਾਗ ਵਰਤਦਾ ਹੈ, ਭਾਵ, ਸਾਰੇ ਪਾਸੇ ਸ਼ਾਂਤੀ-ਖੇੜਾ ਵੰਡਦਾ ਹੈ, ਪ੍ਰੰਤੂ ਜਿਨ੍ਹਾਂ ਨੂੰ ਜੁਗਤੀ ਨਹੀਂ ਮਿਲੀ, ਜਿਨ੍ਹਾਂ ਨੇ ਗੁਰ-ਉਪਦੇਸ਼ ਨਹੀਂ ਕਮਾਇਆ ਉਹ ਤਾਂ ਪਸ਼ੂਆਂ ਦੀ ਨਿਆਈਂ ਹੀ ਹਨ। ਸਾਰਾ ਸੰਸਾਰ ਹੀ ਇਸ ਪਸ਼ੂ-ਪੁਣੇ ਕਾਰਨ ਭਰਮਾਂ ਵਿਚ ਭੁਲਿਆ ਫਿਰਦਾ ਹੈ। ਪ੍ਰਭੂ-ਪਤੀ ਦੇ ਨਾਮ-ਜਲ (ਅੰਮ੍ਰਿਤ) ਦੀ ਸੋਝੀ ਨਾ ਹੋਣ ਕਰਕੇ ਤ੍ਰਿਸ਼ਨਾ-ਤਿਖਾ ਚਿ ਤੜਫ ਰਿਹਾ ਹੈ। ਪ੍ਰੰਤੂ ਇਹ ਸੋਝੀ ਪੂਰੇ ਗੁਰੂ ਦੀ ਕਿਰਪਾ ਬਿਨਾਂ ਨਹੀਂ ਹੋਣੀ। ਜਿਸ ਕਰਕੇ ਇਹ ਪਪੀਹਾ; ਇਹ ਜਗਤ, ਇਹ ਲੋਕਾਈ ਆਪਣੀ ਬੇ-ਸਮਝੀ ਕਰਕੇ ਦੁਖੀ ਹੋ ਰਹੀ ਹੈ—

—ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ ॥
ਇਹੁ ਬਬੀਹਾ ਪਸੂ ਹੈ ਇਸ ਨੋ ਬੂਝਣੁ ਨਾਹਿ ॥
ਅੰਮ੍ਰਿਤੁ ਹਰਿ ਕਾ ਨਾਮੁ ਹੈ ਜਿਤੁ ਪੀਤੈ ਤਿਖ ਜਾਇ ॥
ਨਾਨਕ ਗੁਰਮੁਖਿ ਜਿਨ ਪੀਆ ਤਿਨੁ ਬਹੁੜਿ ਨ ਲਾਗੀ ਆਇ॥੧॥੧੧॥(ਸਲੋਕ ਮ: ੩,੧੨੮੩)
—ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥
ਹਰਿ ਜੀਉ ਆਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ ॥
ਵੁਠੈ ਜੀਆ ਜੁਗਤਿ ਹੋਇ ਧਰਣੀ ਨੋ ਸੀਗਾਰੁ ਹੋਇ ॥
ਨਾਨਕ ਇਹੁ ਜਗਤੁ ਸਭੁ ਜਲੁ ਹੈ, ਜਲ ਹੀ ਤੇ ਸਭ ਕੋਇ ॥
ਗੁਰ ਪਰਸਾਦੀ ਕੋ ਵਿਰਲਾ ਬੂਝੈ ਸੋ ਜਨੁ ਮੁਕਤੁ ਸਦਾ ਹੋਇ ॥੩॥੧੧॥ (ਮ: ੩, ਪੰਨਾ ੧੨੮੩)

ਸੋ ਨਿਰਾ ਆਪਣਾ ਜਤਨ ਜਾਂ ਘਾਲਣਾ ਭੀ ਕਾਫੀ ਨਹੀਂ, ਸਗੋਂ ਪ੍ਰਭੂ-ਕਿਰਪਾ ਕਰਕੇ ਗੁਰੂ-ਬੱਦਲ ਨਾਲ ਮੇਲ ਹੋਇਆਂ ਨਾਮ-ਜਲ ਦੀ ਪ੍ਰਾਪਤੀ ਹੋਏਗੀ। ਇਸ ਲਈ ਉਸ ਦੀ ਮਿਹਰ ਦੀ ਲੋੜ ਜ਼ਰੂਰੀ ਹੈ। ਮਿਹਰ ਲਈ ਭੀ ਅਰਦਾਸਾਂ ਕਰਨੀਆਂ ਹਨ, ਤਾਂ ਜੁ ਕੀਤੀ ਘਾਲਣਾ ਦਾ ਹੰਕਾਰ ਕਿਤੇ ਰਾਹ ਵਿਚ ਅੜਿੱਕਾ ਨਾ ਬਣ ਜਾਵੇ। ਇਸੇ ਲਈ ਸਤਿਗੁਰੂ ਜੀ ਫੁਰਮਾਉਂਦੇ ਹਨ :—

ਬਾਬੀਹਾ ਇਵ ਤੇਰੀ ਤਿਖਾ ਨ ਉਤਰੈ ਜੇ ਸਉ ਕਰਹਿ ਪੁਕਾਰ ॥
ਨਦਰੀ ਸਤਿਗੁਰੁ ਪਾਈਐ ਨਦਰੀ ਉਪਜੈ ਪਿਆਰੁ ॥
ਨਾਨਕ ਸਾਹਿਬੁ ਮਨਿ ਵਸੈ ਵਿਚਹੁ ਜਾਹਿ ਵਿਕਾਰ॥੨॥੧੬॥ [ਪੰਨਾ ੧੨੮੫]

ਜਦੋਂ ਇਹ ਜੀਵਾਤਮਾ-ਪਪੀਹਾ ਉਸ ਪ੍ਰਭੂ ਅਗੇ ਨਾਮ-ਜਲ ਲਈ ਪੁਕਾਰ ਕਰਦਾ ਹੈ ਤਾਂ ਇਸ ਦੀ ਪਪੀਹੇ ਵਾਲੀ ਪੀਆ ਪੀਆ ਵਾਲੀ ਸੱਚੀ ਪੁਕਾਰ ਸੁਣ ਕੇ ਪਰਮਾਤਮਾ ਗੁਰੂ ਰੂਪ ਹੋ ਕੇ ਵਰਸਦਾ ਹੈ, ਸ਼ਬਦ ਦੀ ਧਾਰਾ *

www.AKJ.Org
www.AKJ.Org

# ਸ੍ਰੀ ਹਰਿਕ੍ਰਿਸ਼ਨ ਧਿਆਈਐ

[ਪ੍ਰਿੰਸੀਪਲ ਸੁਰਜੀਤ ਸਿੰਘ ਜੀ, ੯-ਫਰੈਂਡਜ਼ ਕਾਲੋਨੀ, ਸਾਊਥ ਮਾਡਲ ਗਰਾਮ, ਲੁਧਿਆਣਾ]

(ਨੋਟ :–ਲੇਖ ਲੇਟ ਪੁਜਣ ਕਰਕੇ ਜੁਲਾਈ 'ਸੂਰਾ' ਵਿਚ ਛਪ ਨਹੀਂ ਸਕਿਆ)

ਗੁਰੂ-ਸਾਖੀ ਦਾ ਭਾਵ ਕੇਵਲ ਕਿਸੇ ਗੁਰੂ ਸਾਹਿਬ ਦੀ ਜੀਵਨ-ਕਹਾਣੀ ਜਾਂ ਉਨ੍ਹਾਂ ਦੀ ਜੀਵਨੀ ਵਿਚੋਂ ਕਿਸੇ ਘਟਨਾ ਦਾ ਕਹਾਣੀ ਰੂਪ ਬਿਆਨ ਕਰ ਕੇ, ਉਸ ਦੀ ਰੀਸ ਕਰਨਾ ਨਹੀਂ। ਇਸ ਬਾਰੇ ਗੁਰੂ ਸਾਹਿਬ ਦਾ ਸਪੱਸ਼ਟ ਫ਼ੁਰਮਾਨ ਹੈ "ਗੁਰੂ ਕੀ ਕਰਣੀ ਕਾਹੇ ਧਾਵਹੁ" (ਪੰਨਾ ੯੩੩)। ਇਸੇ ਤਰ੍ਹਾਂ ਸਾਖੀ ਦਾ ਇਹ ਵੀ ਭਾਵ ਨਹੀਂ ਕਿ ਗੁਰੂ ਸਾਹਿਬ ਦੀ ਜੀਵਨ-ਕਹਾਣੀ ਵਿਚੋਂ ਕਿਸੇ ਧਾਰਮਿਕ ਸਿਧਾਂਤ ਦੀ ਉਸਾਰੀ ਕੀਤੀ ਜਾਵੇ। ਗੁਰਮਤਿ ਸਿਧਾਂਤ ਤਾਂ ਸ਼ਬਦ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਫਿਰ ਗੁਰਮਤਿ ਵਿਚ ਸਾਖੀ ਦੀ ਕੀ ਅਹਿਮੀਅਤ ਹੈ ?

ਸਾਖੀ ਗੁਰੂ ਸਾਹਿਬ ਦੇ ਜੀਵਨ ਵਿਚੋਂ ਮਿਲਦਾ ਅਮਲੀ ਪ੍ਰਮਾਣ ਹੈ, ਜੋ ਗੁਰਬਾਣੀ ਵਿਚ ਅੰਕਿਤ ਸਿਧਾਂਤ ਦੀ ਪੁਸ਼ਟੀ ਕਰਦਾ ਹੈ। ਸਾਖੀ ਸਾਬਤ ਕਰਦੀ ਹੈ ਕਿ ਜੋ ਸਿਧਾਂਤ ਗੁਰੂ ਦੀ ਕਥਨੀ ਭਾਵ ਗੁਰਬਾਣੀ ਵਿਚ ਅੰਕਿਤ ਹੈ, ਉਹ ਕੋਈ ਹਵਾਈ, ਕਾਲਪਨਿਕ ਤੇ ਕੇਵਲ ਕਿਆਸੀ ਹੋਈ ਆਦਰਸ਼ਕ (*utopian*) ਗੱਲ ਹੀ ਨਹੀਂ, ਜੋ ਅਨਹੋਣੀ ਤੇ ਨਾ-ਮੁਮਕਿਨ ਹੋਵੇ, ਸਗੋਂ ਉਹ ਅਮਲੀ ਤੇ ਵਿਹਾਰਕ ਰੂਪ ਵਿਚ ਪੂਰੀ ਕੀਤੀ ਜਾ ਸਕਦੀ ਹੈ। ਸਾਖੀ ਇਸ ਗੱਲ ਦੀ ਗੁਆਹੀ ਦਿੰਦੀ ਹੈ ਕਿ ਗੁਰਬਾਣੀ ਦੇ ਸਿਧਾਂਤ ਨੂੰ ਜੀਵਨ ਵਿਚ ਢਾਲਿਆ ਜਾ ਸਕਦਾ ਹੈ ਤੇ ਉਸ਼ ਨੂੰ ਜੀਵਨ-ਜੁਗਤਿ ਦੇ ਰੂਪ ਵਿਚ ਅਪਣਾਇਆ ਜਾ ਸਕਦਾ ਹੈ। ਧਰਮ ਦਾ ਵਿਹਾਰਕ ਪੱਖ ਵੀ ਤਾਂ ਇਹੋ ਹੀ ਹੈ ਕਿ ਧਾਰਮਿਕ ਸਿਧਾਂਤ ਨੂੰ ਵਿਹਾਰਕ ਤੇ ਦੁਨੀਆਦਾਰੀ ਜੀਵਨ ਵਿਚ ਉਲਥਾ ਕੇ, ਉਸ ਅਨੁਸਾਰ ਜੀਵਨ-ਗੱਡੀ ਨੂੰ ਚਲਾਇਆ ਜਾਵੇ।

ਯਾਦ ਰਹੇ ਕਿ ਗੁਰੂ ਸਾਹਿਬਾਨ, ਪੁਰਾਣਾਂ ਵਿਚ ਅੰਕਿਤ ਕਹਾਣੀਆਂ ਦੇ ਪਾਤਰਾਂ ਵਾਂਗ ਕੋਈ ਮਿਥਿਹਾਸਕ ਤੇ ਕਾਲਪਨਿਕ ਵਿਅਕਤੀ ਨਹੀਂ ਸਨ। ਉਹ ਤਾਂ ਹੱਡ ਮਾਸ ਦੇ ਬਣੇ, ਆਮ ਦੁਨੀਆਦਾਰੀ ਮਨੁੱਖਾਂ ਵਰਗੇ, ਇਤਿਹਾਸਕ ਵਿਅਕਤੀ ਸਨ, ਜਿਨ੍ਹਾਂ ਨੇ ਆਪਣੀ ਮਿਹਨਤ, ਲਗਨ, ਸਿਮਰਨ-ਘਾਲ ਕਮਾਈ, ਭਗਤੀ ਤੇ ਗੁਰੂ (ਪਰਮਾਤਮਾ) ਦੇ ਹੁਕਮ ਤੇ ਭਾਣੇ ਵਿਚ ਸਮਰਪਤ ਜੀਵਨ ਜੀਵਿਆ। "ਮਨੁ ਬੇਚੈ ਸਤਿਗੁਰ ਕੈ ਪਾਸਿ"(ਪੰਨਾ ੨੮੬) ਅਨੁਸਾਰ ਤਨ ਤੇ ਮਨ ਦੋਵੇਂ ਸਤਿਗੁਰ ਨੂੰ ਅਰਪਨ ਕਰ ਦਿੱਤੇ। ਗੁਰੂ ਪਰਮਾਤਮਾ ਉਤੇ ਸਿਦਕ ਤੇ ਭਰੋਸੇ ਵਿਚ

---

* ਨਾਮ ਬਖ਼ਸ਼ ਕੇ ਇਸ ਜੀਵ-ਪਪੀਹੇ ਨੂੰ ਪ੍ਰਭੂ ਦੇ ਸੱਚੇ ਨਾਮ ਦਾ ਅੰਮ੍ਰਿਤ ਦੇ ਕੇ ਤਨ ਮਨ ਹਰਾ ਕਰ ਦਿੰਦਾ ਹੈ। ਬਲਕਿ ਜਦੋਂ ਗੁਰੂ ਰੂਪ ਹੋ ਕੇ ਹਰੀ ਪਰਮਾਤਮਾ ਵਰਸਦਾ ਹੈ ਤਾਂ ਫਿਰ ਸਾਰੇ ਪਾਸੇ ਹਰਿਆਲੀ (ਵਣ ਤਿਣ ਭੀਹਰਾ) ਕਰ ਦਿੰਦਾ ਹੈ—ਬਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ ॥

ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ ॥
ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ ॥੧॥੧੬ ॥(ਮ: ੩, ਪੰਨਾ ੧੨੮੫)

ਸੋ ਇਸ ਸਾਵਣ ਰੂਪੀ ਮਨੁੱਖਾ ਜੀਵਨ ਦਾ ਲਾਹਾ ਲੈਣ ਲਈ, ਸਾਵਣ ਰੂਪ ਹੋ ਕੇ ਵਰਸਦੇ ਪ੍ਰਭੂ ਦੇ ਹੁਕਮ ਨਾਲ; ਗੁਰੂ-ਬੱਦਲ ਦਾ ਉਪਦੇਸ਼ ਸ਼ਬਦ-ਬਾਣੀ ਅਤੇ ਮਲ੍ਹਾਰ ਰਾਗ ਦਾ ਸ਼ਾਂਤ ਪ੍ਰਦਾਨ ਕਰਨ ਵਾਲਾ ਸਿਫਤਿ-ਸਾਲਾਹ ਦਾ ਗੀਤ ਸੁਣੀਏ, ਤਾਂ ਜੁ ਇਸ ਪਪੀਹੇ (ਜੀਵ) ਨੂੰ ਤ੍ਰਿਪਤੀ ਹੋਵੇ। ਸੋ ਸਾਵਣੁ ਤੋਂ ਭਾਵ ਪ੍ਰਭੂ ਦੀ ਬਖਸ਼ਿਸ਼ ਭੀ ਹੈ। ਪ੍ਰਮਾਣ ਹੈ— ਤੇਰੈ ਹੁਕਮੇ ਸਾਵਣੁ ਆਇਆ ॥ ਮੈ ਸਤ ਕਾ ਹਲੁ ਜੋਆਇਆ ॥
ਨਾਉ ਬੀਜਣ ਲਗਾ ਆਸ ਕਰਿ, ਹਰਿ ਬੋਹਲ ਬਖਸ ਜਮਾਇ ਜੀਉ ॥੨॥
(ਸਿਰੀ ਰਾਗੁ ਮ. ੫–੭੩)


www.AKJ.Org
www.AKJ.Org

ਐਸੇ ਦ੍ਰਿੜ੍ਹ ਰਹੇ ਕਿ ਆਪਣੇ ਆਪ ਦਾ ਮੁਕੰਮਲ ਤਿਆਗ ਕਰ ਕੇ, ਸੁਰਤਿ ਮਤਿ, ਮਨ ਤੇ ਬੁਧੀ ਨੂੰ ਸ਼ਬਦ-ਗੁਰੂ ਨਾਲ ਜੋੜਿਆ ਤਾਂ ਫਿਰ ਗੁਰੂ ਪਰਮਾਤਮਾ ਦੀ ਮਿਹਰ, ਬਖ਼ਸ਼ਿਸ਼ ਤੇ ਨਦਰ ਦਾ ਸਦਕਾ, ਪਰਮਾਤਮਾ ਦੀ ਸ਼ਬਦ-ਰੂਪ ਅਨੰਤ ਜੋਤਿ ਉਨ੍ਹਾਂ ਵਿਚ ਪ੍ਰਵੇਸ਼ ਕਰ ਗਈ ਤੇ ਉਹ ਗੁਰੂ ਪਦਵੀ ਨੂੰ ਪ੍ਰਾਪਤ ਹੋਏ। ਇਸ ਘਾਲ ਕਮਾਈ ਤੇ ਨਦਰਿ ਦਾ ਸਦਕਾ ਉਨ੍ਹਾਂ ਵਿਚ "ਕੇਤੀ ਛੁਟੀ ਨਾਲਿ" ਦੀ ਸਮਰੱਥਾ ਆ ਗਈ। ਗੁਰੂ ਸਾਹਿਬਾਨ ਦੇ ਸੰਬੰਧ ਵਿਚ ਇਸ ਘਾਲ ਕਮਾਈ ਤੇ ਬਖ਼ਸ਼ਿਸ਼ ਦਾ ਵਰਣਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਪੱਸ਼ਟ ਅੰਕਿਤ ਹੈ :

ਸਤਿਗੁਰਿ ਨਾਨਕਿ ਭਗਤਿ ਕਰੀ ਇਕ ਮਨਿ, ਤਨੁ ਮਨੁ ਧਨੁ ਗੋਬਿੰਦ ਦੀਅਉ ॥
ਅੰਗਦਿ ਅਨੰਤ ਮੂਰਤਿ ਨਿਜ ਧਾਰੀ, ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ ॥
ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ, ਵਾਹੁ ਵਾਹੁ ਕਰਿ ਧ੍ਯਾਇਯਉ ॥
ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ, ਤੈ ਹਰਿ ਪਰਮ ਪਦੁ ਪਾਇਯਉ ॥੨॥
(ਭਟ ਬਲ, ਪੰਨਾ ੧੪੦੫)

ਇਸੇ ਤਰ੍ਹਾਂ ਫਿਰ ਲਿਖਿਆ ਹੈ :–

ਨਾਨਕਿ ਨਾਮੁ ਨਿਰੰਜਨ ਜਾਨ੍ਯਉ, ਕੀਨੀ ਭਗਤਿ ਪ੍ਰੇਮ ਲਿਵ ਲਾਈ ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ, ਤਿਨਿ ਸਬਦ ਸੁਰਤਿ ਕੀਨੀ ਵਰਖਾਈ ॥
ਗੁਰ ਅਮਰਦਾਸ ਕੀ ਅਕਥ ਕਥਾ ਹੈ, ਇਕ ਜੀਹ ਕਛੁ ਕਹੀ ਨ ਜਾਈ ॥
ਸੋਢੀ ਸ੍ਰਿਸਟਿ ਸਕਲ ਤਾਰਣ ਕਉ, ਅਬ ਗੁਰ ਰਾਮਦਾਸ ਕਉ ਮਿਲੀ ਵਡਾਈ ॥੩॥
(ਕੀਰਤ ਭਟ, ਪੰਨਾ ੧੪੦੬)

ਭਾਈ ਗੁਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਇਸ ਘਾਲ ਕਮਾਈ ਤੇ ਬਖਸ਼ਿਸ਼ ਦਾ ਵਰਣਨ ਕਰਦੇ ਹਨ :

ਪਹਿਲਾਂ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ ॥
ਰੇਤੁ ਅਕੁ ਆਹਾਰੁ ਕਰਿ ਰੋੜਾ ਕੀ ਗੁਰ ਕਰੀ ਵਿਛਾਈ ।
ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ ॥
ਬਾਬਾ ਪੈਧਾ ਸਚ ਖੰਡਿ ਨਉਨਿਧਿ ਨਾਮੁ ਗਰੀਬੀ ਪਾਈ ॥ [ਵਾਰ ੧, ਪਉੜੀ ੨੪]

ਸ਼ਬਦ ਰੂਪ ਜੋਤਿ ਦਾ ਇਹ ਪ੍ਰਕਾਸ਼ ਗੁਰੂ ਵਿਅਕਤੀ ਦੇ ਰੂਪ ਵਿਚ ਦੁਨੀਆ ਵਿਚ ਵਿਚਰਦਾ ਹੈ ਅਤੇ ਲੋਕ-ਕਲਿਆਣ ਦਾ ਆਪਣੀ ਕਥਨੀ ਤੇ ਕਰਣੀ ਰਾਹੀਂ ਮਾਧਿਅਮ ਬਣਦਾ ਹੈ। ਅਨੰਤ ਦੀ ਇਹ ਜੋਤਿ ਕਈ ਜ਼ਿੰਦਗੀਆਂ ਰਾਹੀਂ ਕਈ ਪ੍ਰਵ੍ਰਿਤੀਆਂ ਵਿਚੋਂ ਦੀ ਲੰਘਦੀ ਹੋਈ, ਇਸ ਪ੍ਰਕਾਸ਼ ਨੂੰ ਜ਼ਿੰਦਗੀ ਜੀਊਣ ਦੀ ਜੁਗਤਿ ਦੇ ਰੂਪ ਵਿਚ ਸਥਾਪਤ ਕਰਦੀ ਹੈ–ਤੇ ਮਾਰਗ-ਦਰਸ਼ਕ ਬਣਦੀ ਹੈ। ਇਹ ਹੀ ਹੈ ਇਸ ਦਾ ਗੁਰੂ ਰੂਪ।

ਸਤੇ ਤੇ ਬਲਵੰਡ (ਰਾਮਕਲੀ ਕੀ ਵਾਰ, ਪੰਨਾ ੯੬੬) ਅਨੁਸਾਰ ਜਦ ਇਹ ਅਨੰਤ ਜੋਤਿ ਇਕ ਗੁਰੂ ਤੋਂ ਦੂਸਰੇ ਵਿਚ ਪ੍ਰਵੇਸ਼ ਕਰਦੀ ਹੈ, ਉਸ ਵਿਚ ਮੁਕੰਮਲ ਰੂਪ ਵਿਚ ਹਲੂਲ ਹੋ ਜਾਂਦੀ ਹੈ ਤਾਂ ਇਹ ਕੇਵਲ ਕਾਇਆਂ ਹੀ ਪਲਟਦੀ ਹੈ। ਇਸ ਦੀ ਜੁਗਤਿ ਤੇ ਵਰਤਾਰਾ ਉਹ ਹੀ ਰਹਿੰਦਾ ਹੈ ਜੋ ਅਨੰਤ ਦਾ ਹੋ ਸਕਦਾ ਹੈ, ਜੋ ਗੁਰੂ ਨਾਨਕ ਦਾ ਸੀ। (ਯਾਦ ਰਹੇ ਕਿ ਗੁਰਬਾਣੀ ਵਿਚ ਨਾਨਕ ਸ਼ਬਦ, ਗੁਰੂ-ਵਿਅਕਤੀ ਲਈ ਨਹੀਂ, ਸਗੋਂ ਸ਼ਬਦ ਜੋਤਿ ਦੇ ਪ੍ਰਤੀਕਾਤਮਿਕ ਰੂਪ ਵਿਚ ਵਰਤਿਆ ਗਿਆ ਹੈ।) ਇਸ ਤਰ੍ਹਾਂ ਇਹ ਜੋਤਿ, ਨਵੇਂ ਹੋਣ ਵਾਲੇ ਗੁਰੂ, ਜਿਸ ਵਿਚ ਇਹ ਹਲੂਲ ਕਰ ਗਈ ਹੋਵੇ, ਉਸ ਦੀ ਉਮਰ ਦੇ ਲਿਹਾਜ਼ ਤੋਂ ਉਪਰ ਰਹਿੰਦੀ ਹੈ। ਜੋਤਿ ਤਾਂ ਸਦੀਵੀ ਹੈ, ਇਸ ਦੀ ਕੋਈ ਉਮਰ ਨਹੀਂ ਹੁੰਦੀ। ਗੁਰੂ ਵਿਅਕਤੀ ਦੇ ਸਰੀਰ ਦੇ ਬਚਪਨ ਜਾਂ ਬੁਢਾਪੇ ਦਾ ਇਸ ਉਤੇ ਕੋਈ ਅਸਰ ਨਹੀਂ ਹੁੰਦਾ। ਜੇਕਰ ਇਹ ੭੦-੭੨ ਸਾਲ ਦੇ ਬਜ਼ੁਰਗ (ਜਿਸ ਉਮਰ ਦੇ ਬੰਦੇ ਨੂੰ ਲੋਕ ਆਮ ਤੌਰ ਉਤੇ ਸਤਰਿਆ ਬਹੱਤਰਿਆ ਗਿਆ ਮੰਨਦੇ ਹਨ) ਵਿਚ ਪ੍ਰਵੇਸ਼ ਕਰਦੀ ਹੈ ਤਾਂ ਉਹ ਗੁਰੂ ਅਮਰਦਾਸ ਵਰਗਾ ਗਿਆਨਵਾਨ

www.AKJ.Org

www.AKJ.Org

ਸਮਾਜ-ਸੁਧਾਰਕ ਤੇ ਅਜਿਹੀਆਂ ਸ਼ਕਤੀਆਂ ਦਾ ਮਾਲਿਕ ਹੋ ਨਿਬੜਦਾ ਹੈ, ਜਿਨ੍ਹਾਂ ਦਾ ਬਿਆਨ ਕਥਨ ਤੋਂ ਬਾਹਰ ਹੈ, (ਗੁਰੂ ਅਮਰਦਾਸ ਕੀ ਅਕਥ ਕਥਾ ਹੈ—ਪੰਨਾ ੧੪੦੬), ਅਤੇ ਜੇਕਰ ਇਹ ਜੋਤਿ ਸਵਾ ਪੰਜ ਸਾਲ ਦੇ (ਆਮ ਦੁਨੀਆ ਦੀ ਨਜ਼ਰ ਵਿਚ ਅੰਞਾਣੇ ਬਾਲ) ਵਿਚ ਪ੍ਰਵੇਸ਼ ਕਰ ਜਾਂਦੀ ਹੈ ਤਾਂ ਉਹ ਹੱਦ ਦਰਜੇ ਦਾ ਸੂਝਵਾਨ, ਗਿਆਨ ਦਾ ਦਾਤਾ, ਦੂਖ ਨਿਵਾਰਨ ਤੇ ਨਿਰਭਉ ਬਲਬੀਰਾ—ਗੁਰੂ ਹਰਿ ਕ੍ਰਿਸ਼ਨ ਹੋ ਨਿਬੜਦਾ ਹੈ। ਉਸ ਵਿਚ ਉਸੇ ਤਰ੍ਹਾਂ ਦੀ ਪ੍ਰੌੜ੍ਹਤਾ (*maturity*), ਦੂਰ-ਅੰਦੇਸ਼ੀ, ਦਿਬ-ਦ੍ਰਿਸ਼ਟੀ ਤੇ ਗਿਆਨ-ਪ੍ਰਕਾਸ਼ ਦੀ ਸਮਰੱਥਾ ਸੀ, ਜਿਵੇਂ ਗੁਰੂ ਨਾਨਕ ਵਿੱਚ ਸੀ ਤੇ ਇਹ ਬਾਲਕ ਵੀ ਉਸੇ ਤਰ੍ਹਾਂ ਦਾ ਨਿਰਭਉ ਤੇ ਨਿਧੜਕ ਸੀ। ਜਿਸ ਤਰ੍ਹਾਂ ਦਾ ਬਾਬਾ ਨਾਨਕ ਸੀ। ਜੇਕਰ ਗੁਰੂ ਨਾਨਕ ਨੇ ਬਾਬਰ ਨੂੰ ਜਾਬਰ ਕਿਹਾ ਸੀ ਤਾਂ ਗੁਰੂ ਹਰਿਕ੍ਰਿਸ਼ਨ ਨੇ ਔਰੰਗਜ਼ੇਬ ਵਰਗੇ ਸ਼ਕਤੀਵਾਨ, ਸ਼ਹਿਨਸ਼ਾਹਿ ਹਿੰਦ ਨੂੰ ਮੂੰਹ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ।

ਗੁਰੂ ਹਰਿਕ੍ਰਿਸ਼ਨ ਦੇ ਰੂਪ ਵਿਚ, ਅਨੰਤ ਦੀ ਜੋਤਿ ਦੇ ਪ੍ਰੌੜ੍ਹ ਵਰਤਾਰੇ ਦਾ ਵਰਣਨ, ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੀਵਨ ਦੀਆਂ ਕੁਝ ਘਟਨਾਵਾਂ ਤੋਂ ਕਰਦੇ ਹਾਂ, ਜੋ ਇਸ ਗੱਲ ਦੀ ਸਾਖੀ ਭਰਦੀਆਂ ਹਨ ਕਿ ਇਹ ਸਤ ਅਠ ਸਾਲ ਦਾ ਬਾਲ ਕਿਵੇਂ ਗੁਰਬਾਣੀ ਅਨੁਸਾਰ ਜੀਵਨ ਜੀਉਂਦਾ, ਤੇ ਜ਼ਿੰਦਗੀ ਦੀਆਂ ਜਟਿਲ ਸਮੱਸਿਆਵਾਂ ਨੂੰ, ਗੁਰਬਾਣੀ ਦਾ ਅਨੁਸਾਰੀ ਹੋ ਕੇ ਹੱਲ ਕਰਦਾ ਹੈ, ਗੁਰਬਾਣੀ ਵਿਚੋਂ ਸੇਧ ਲੈ ਕੇ ਵਖ ਵਖ ਪ੍ਰਸਥਿਤੀਆਂ ਦਾ ਕਿਵੇਂ ਸਾਹਮਣਾ ਕਰਦਾ ਹੈ।

ਔਰੰਗਜ਼ੇਬ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਕੀਰਤਪੁਰ ਭੇਜਿਆ ਤਾਂਕਿ ਉਹ ਗੁਰੂ ਹਰਿਕ੍ਰਿਸ਼ਨ ਜੀ ਨੂੰ ਪ੍ਰੇਰ ਕੇ, ਉਨ੍ਹਾਂ ਨਾਲ ਆਪਣਾ ਰਸੂਖ ਵਰਤ ਕੇ, ਉਨ੍ਹਾਂ ਨੂੰ ਔਰੰਗਜ਼ੇਬ ਨਾਲ ਮੁਲਾਕਾਤ ਕਰਨ ਲਈ ਦਿੱਲੀ ਲਿਆਵੇ। ਭਾਵੇਂ ਪ੍ਰਗਟ ਤੌਰ ਉਤੇ ਉਹ ਗੁਰੂ ਘਰ ਦੀ ਵਧ ਰਹੀ ਸ਼ਰਧਾ ਕਰਕੇ ਉਨ੍ਹਾਂ ਨਾਲ ਜੋੜ ਪੈਦਾ ਕਰਨਾ ਚਾਹੁੰਦਾ ਸੀ, ਪ੍ਰੰਤੂ ਉਸ ਦਾ ਕਪਟ ਕਿਸੇ ਤੋਂ ਗੁਝਾ ਛਪਾ ਨਹੀਂ ਸੀ। ਕੀਰਤਪੁਰ ਦੀ ਸੰਗਤ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ, ਔਰੰਗਜ਼ੇਬ ਨੂੰ ਨਾ ਮਿਲਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਦਿੱਲੀ ਦੇ ਲੋਕਾਂ ਦੀ ਸ਼ਰਧਾ-ਭਾਵਨਾ ਤੇ ਪਿਆਰ ਅਤੇ ਰਾਜਾ ਜੈ ਸਿੰਘ ਦੀ ਪਿਆਰ-ਭਾਵਨਾ ਕਰਕੇ ਦਿੱਲੀ ਨੂੰ ਰਵਾਨਾ ਹੋ ਪਏ। ਰਸਤੇ ਵਿਚ ਹੁਣ ਦੇ ਅੰਬਾਲਾ ਜ਼ਿਲ੍ਹਾ ਵਿਚ ਪੰਜੋਖਰੇ ਦੇ ਸਥਾਨ ਉਤੇ ਇਕ ਅਭਿਮਾਨੀ ਪੰਡਿਤ ਲਾਲ ਚੰਦ ਨੇ, ਉਨ੍ਹਾਂ ਦੇ ਨਾਮ ਦਾ ਤਾਅਨਾ ਮਾਰਦਿਆਂ ਗੀਤਾ ਦੇ ਗਿਆਨ ਲਈ ਚੈਲੰਜ ਕੀਤਾ। ਗੁਰੂ ਜੀ ਨੇ ਇਕ ਅਨਪੜ੍ਹ ਘਾਹੀ ਛੱਜੂ ਦੇ ਸਿਰ ਉਤੇ ਗਿਆਨ-ਛੜੀ ਰੱਖ ਕੇ ਉਸ ਕੋਲੋਂ ਗੀਤਾ ਦੇ ਸਲੋਕਾਂ ਦਾ ਉਚਾਰਨ ਤੇ ਉਨ੍ਹਾਂ ਦੀ ਵਿਆਖਿਆ ਕਰਵਾ ਦਿੱਤੀ।

ਇਥੇ ਸੁਆਲ ਇਹ ਪੈਦਾ ਹੁੰਦਾ ਹੈ ਕਿ ਇਸ ਕੌਤਕ ਨਾਲ ਕੀ ਗੁਰੂ ਜੀ ਕਰਾਮਾਤ ਦਿਖਾ ਕੇ ਗਿਆਨ ਦੇ ਅਭਿਮਾਨੀ ਪੰਡਿਤ ਨੂੰ ਨੀਚਾ ਦਿਖਾ ਕੇ ਆਪਣੀ ਸਮਰੱਥਾ ਤੇ ਵਡਿਆਈ ਦਾ ਕਾਇਲ ਕਰਨਾ ਚਾਹੁੰਦੇ ਸਨ, ਉਸ ਉਤੇ ਰੋਅਬ ਪਾਉਣਾ ਚਾਹੁੰਦੇ ਸਨ?

ਇਸ ਸੰਬੰਧ ਵਿੱਚ ਪਹਿਲੀ ਗੱਲ ਤਾਂ ਇਹ ਹੈ ਕਿ ਜਿਵੇਂ ਸੁਖਮਨੀ ਸਾਹਿਬ ਵਿਚ ਲਿਖਿਆ ਹੈ—

ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥
ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥੩॥੧॥ (ਪੰਨਾ ੨੬੨)

ਸਿਮਰਨ ਨਾਲ ਜਿਥੇ ਰਿਧੀਆਂ ਸਿਧੀਆਂ ਪ੍ਰਾਪਤ ਹੁੰਦੀਆਂ ਹਨ, ਉਥੇ ਗਿਆਨ ਧਿਆਨ ਤੇ ਤੱਤ ਬੁਧਿ ਵੀ ਪ੍ਰਾਪਤ ਹੁੰਦੀ ਹੈ, ਤਾਂ ਕਿ ਰਿਧੀ ਤੇ ਸਿਧੀ, ਅਰਥਾਤ ਕਰਾਮਾਤ ਨੂੰ ਸਵੈ-ਪ੍ਰਗਟਾਵੇ ਲਈ, ਆਪਣਾ ਅਭਿਮਾਨ ਤੇ ਵਡਿਆਈ ਉਸਾਰ ਕੇ ਦੂਸਰਿਆਂ ਨੂੰ ਨੀਵਾਂ ਦਿਖਾਣ ਲਈ ਨਾ ਵਰਤਿਆ ਜਾਵੇ। ਇਸ ਸਵੈ-ਪ੍ਰਗਟਾਵੇ ਨਾਲ ਤਾਂ ਨਿੱਜੀ ਹਉਮੈ ਉਸਰੇਗੀ, ਜੋ ਇਕ ਬਹੁਤ ਵੱਡੀ ਕਮਜ਼ੋਰੀ ਹੈ, ਜਿਵੇਂ ਕਿ ਬਾਬਾ ਰਾਮ ਰਾਏ ਦੇ ਸੰਬੰਧ ਵਿਚ ਹੋਈ ਸੀ। ਇਸ ਵਿਚ ਕੋਈ ਸ਼ਕ ਨਹੀਂ ਕਿ ਗੁਰੂ ਸਾਹਿਬ ਕੋਲ ਸਿਮਰਨ ਦੇ ਫਲ-ਸਰੂਪ ਰਿਧੀਆਂ ਸਿਧੀਆਂ ਮੌਜੂਦ ਸਨ, ਪ੍ਰੰਤੂ ਇਸ ਰਿਧੀ ਸਿਧੀ ਦੇ ਨਾਲ ਤਤੁ ਬੁਧਿ ਵੀ ਸੀ ਅਤੇ ਤੱਤ ਬੁਧਿ ਇਕ ਅਜਿਹਾ ਅੰਕੁਸ ਹੈ, ਇੱਕ ਅਜਿਹਾ

www.AKJ.Org



www.AKJ.Org

ਸਜਮ ਹੈ ਜੋ ਇਸ ਸ਼ਕਤੀ ਨੂੰ ਸਵੈ-ਪ੍ਰਗਟਾਵੇ ਲਈ ਵਰਤਣ ਤੋਂ ਰੋਕਦਾ ਹੈ।

ਦੂਸਰੀ ਵੱਡੀ ਗੱਲ ਇਹ ਹੈ ਕਿ ਸਿਮਰਨ ਗੁਰੂ-ਗਿਆਨ ਦਾ ਭੰਡਾਰ ਤੇ ਸੋਮਾ ਹੀ ਨਹੀਂ, ਸਗੋਂ ਗਿਆਨ ਦਾ ਅਜਿਹਾ ਸਰੋਤ ਵੀ ਹੈ, ਜੋ ਹਰ ਕਿਸੇ ਨੂੰ ਗਿਆਨ ਪ੍ਰਦਾਨ ਕਰਦਾ ਹੈ, ਗਿਆਨ ਵੰਡਦਾ ਹੈ ਅਤੇ ਖਾਸ ਤੌਰ ਉਤੇ, ਜਿਸ ਉਤੇ ਆਪਣੀ ਮਿਹਰ ਦੀ ਨਦਰ ਕਰ ਦੇਵੇ, ਜਿਸ ਦੇ ਸਿਰ ਉਤੇ ਗਿਆਨ ਦੀ ਛੜੀ ਰੱਖ ਦੇਵੇ, ਉਹ ਮਹਾਂ ਮੂਰਖ ਤੋਂ ਮਹਾਂ ਗਿਆਨੀ ਬਣ ਸਕਦਾ ਹੈ।

ਤੀਸਰੀ ਵੱਡੀ ਗੱਲ ਇਹ ਹੈ ਕਿ ਗੁਰੂ ਦਾ ਕਾਰਜ ਆਪਣਾ ਵਿਅਕਤਤਵ ਉਸਾਰਨਾ ਤੇ ਆਪਣੀ ਵਡਿਆਈ ਨੂੰ ਜਿਤਲਾਣਾ ਤੇ ਸਥਾਪਤ ਕਰਨਾ ਨਹੀਂ, ਸਗੋਂ "ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥" (ਪੰਨਾ ੨੬੩) ਹੁੰਦੇ ਹੋਏ, ਲੋਕ-ਕਲਿਆਣ ਤੇ ਲੋਕਾਂ ਦੇ ਉਧਾਰ ਲਈ ਉਦਮ ਕਰਨਾ ਹੈ। ਗੁਰੂ ਹਰਿਕ੍ਰਿਸ਼ਨ ਜੀ ਨੇ, ਵਿਦਿਆ ਤੇ ਗਿਆਨ ਦੇ ਅਭਿਮਾਨ ਨਾਲ ਸਾਕਤ ਬਣੇ ਹੋਏ ਪੰਡਿਤ ਵਿਚੋਂ ਹਉਮੈ ਦਾ ਉਹ ਕੰਡਾ ਕਢਣਾ ਸੀ, ਜਿਸ ਦੇ ਚੁਭਣ ਕਰਕੇ ਉਹ ਹਮੇਸ਼ਾ ਨਾ-ਕੇਵਲ ਆਪ ਹੀ ਦੁਖੀ ਸੀ, ਸਗੋਂ ਦੁਨੀਆ ਨੂੰ ਵੀ ਦੁਖੀ ਕਰਦਾ ਸੀ–

ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰ ਡੰਡਾ ਹੇ ॥੨॥੪॥ (ਪੰਨਾ ੧੩]

ਗੁਰੂ ਸਾਹਿਬ ਨੇ ਇਸ ਅਭਿਮਾਨੀ ਪੰਡਿਤ ਦਾ ਅਭਿਮਾਨ ਦੂਰ ਕਰਕੇ, ਇਸ ਨੂੰ ਤੱਤ ਬੁਧਿ ਦੇ ਕੇ, ਉਸ ਵਿਚ ਨਿੰਮਰਤਾ ਦਾ ਬੀਜ ਬੀਜ ਦਿੱਤਾ, ਉਸ ਦੇ ਗਿਆਨ ਨੂੰ ਭਗਤੀ ਤੇ ਸਿਮਰਨ ਵਲ ਮੋੜ ਦਿੱਤਾ। ਅਭਿਮਾਨ ਨੂੰ ਖਤਮ ਕਰਕੇ, ਨਿੰਮਰਤਾ ਦਾ ਬੀਜ ਬੀਜਣਾ, ਜੀਅ ਦਾਨ ਦੇਣਾ, ਅਰਥਾਤ, ਜੀਵਨ-ਵਿਧੀ ਦੱਸਣਾ ਸੀ। ਇਸ ਤਰ੍ਹਾਂ ਉਹ ਐਸੇ ਪਰਉਪਕਾਰੀ ਸਾਬਤ ਹੋਏ, ਜੋ 'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਇ ॥ (ਪੰਨਾ ੭੪੯) ਦਾ ਕੰਮ ਕਰਦੇ ਹਨ, ਸਹੀ ਅਰਥਾਂ ਵਿਚ ਗੁਰੂ ਕਰਤਵ ਨਿਬਾਹੁੰਦੇ ਹਨ।

ਚੌਥੀ ਵੱਡੀ ਗੱਲ ਇਹ ਸੀ ਕਿ ਇਸ ਕਾਰਨਾਮੇ ਨਾਲ ਉਨ੍ਹਾਂ ਨੇ ਇਸ ਛੱਜੂ ਘਾਹੀ ਉਤੋਂ ਅਗਿਆਨਤਾ ਤੇ ਮੂਰਖਤਾ ਦਾ ਤੌਕ ਤੇ ਗ਼ਲਬਾ ਚੁੱਕ ਦਿੱਤਾ। ਇਸ ਦੀ ਹੀਣਤਾ ਭਾਵਨਾ ਖਤਮ ਹੋ ਗਈ ਤੇ ਉਸ ਦਾ ਮਾਨਸਿਕ ਉਥਾਨ ਹੋ ਗਿਆ ਅਤੇ ਉਹ ਵੀ ਆਪਣੇ ਆਪ ਨੂੰ ਦੂਸਰਿਆਂ ਨਾਲ, ਖਾਸ ਕਰਕੇ ਪੰਡਿਤ ਵਰਗਿਆਂ ਨਾਲ ਬਰਾਬਰੀ ਦਾ ਜੀਵਨ ਜੀਊਣ ਯੋਗ ਸਮਝਣ ਲੱਗਾ। ਇਸ ਤਰ੍ਹਾਂ ਇਸ ਬਾਲਾ ਗੁਰੂ ਨੇ ਸਮਾਜਕ ਬਰਾਬਰੀ ਲਿਆਉਣ ਦਾ ਉਹ ਕਰਤਵ ਪੂਰਾ ਕੀਤਾ, ਜੋ ਆਮ ਤੌਰ ਉਤੇ ਪ੍ਰੌੜ੍ਹ ਅਵਸਥਾ ਦੇ ਹੀ ਹਿੱਸੇ ਆਇਆ ਹੈ।

ਗੁਰੂ ਹਰਿਕ੍ਰਿਸ਼ਨ ਸਾਹਿਬ ਜਦ ਦਿੱਲੀ ਪਹੁੰਚੇ ਤਾਂ ਦਿੱਲੀ ਦੀ ਸੰਗਤ ਨੇ ਉਨ੍ਹਾਂ ਦਾ ਬੜਾ ਆਦਰ ਤੇ ਸੁਆਗਤ ਕੀਤਾ। ਭਾਵੇਂ ਉਹਨਾਂ ਨੇ ਆਪਣਾ ਨਿਵਾਸ ਰਾਜਾ ਜੈ ਸਿੰਘ ਦੇ ਬੰਗਲੇ (ਹੁਣ ਵਾਲੇ ਬੰਗਲਾ ਸਾਹਿਬ) ਵਿਚ ਰਖਿਆ, ਪਰ ਲੋਕ ਉਨ੍ਹਾਂ ਕੋਲ ਬੜੀ ਸ਼ਰਧਾ-ਭਾਵਨਾ ਨਾਲ ਹੁਮ-ਹੁਮਾ ਕੇ ਆਉਣ ਲੱਗੇ। ਉਨ੍ਹਾਂ ਨਾਲ ਆਪਣਾ ਦੁਖ-ਸੁਖ ਫੋਲਦੇ, ਉਨ੍ਹਾਂ ਦਾ ਉਪਦੇਸ਼ ਸੁਣ ਉਨ੍ਹਾਂ ਦੇ ਮਨਾਂ ਨੂੰ ਧੀਰਜ ਤੇ ਧਰਵਾਸ ਮਿਲਦੀ, ਠੰਡ ਪੈਂਦੀ ਤੇ ਸਹਜ ਦਾ ਪ੍ਰਵਾਹ ਚਲਣ ਲੱਗਾ। ਇਸ ਤਰ੍ਹਾਂ ਉਹ ਲੋਕਾਂ ਦੇ ਦਿਲਾਂ ਵਿਚ ਨਿਵਾਸ ਕਰਨ ਲੱਗੇ, ਲੋਕਾਂ ਨਾਲ ਡੂੰਘੀ ਪਿਆਰ-ਸਾਂਝ ਪੈਣ ਲੱਗੀ। ਇਸ ਬੰਗਲੇ ਵਿਚ ਉਹਨਾਂ ਨੇ, ਗੁਰੂ-ਘਰ ਦੀ ਪਰੰਪਰਾ ਅਨੁਸਾਰ ਸਰਬ ਸਾਂਝ ਦੇ ਪ੍ਰਤੀਕ ਵਜੋਂ ਸਭ ਲਈ ਪਾਣੀ ਦਾ ਪ੍ਰਬੰਧ ਕਰਨ ਹਿੱਤ ਇਕ ਚੁਬੱਚਾ ਲਵਾਇਆ, ਜਿਸ ਵਿਚੋਂ ਸਭ ਲੋਕ, ਅਮੀਰ ਗਰੀਬ, ਮਾਈ ਭਾਈ, ਬੱਚੇ ਬੁੱਢੇ, ਬਿਨਾਂ ਕਿਸੇ ਊਚ-ਨੀਚ, ਜਾਤ-ਪਾਤ ਜਾਂ ਧਰਮ ਦੀ ਤਮੀਜ਼ ਤੇ ਵਿਤਕਰੇ ਦੇ ਜਲ ਛਕ ਸਕਦੇ। ਜਿਸ ਜਲ ਵਿਚ ਨਾਮ ਦੀ ਪਾਰਸ-ਕਲਾ ਦਾ ਪ੍ਰਵੇਸ਼ ਹੋਵੇ ਉਸ ਜਲ ਵਿਚ ਤਪਦੇ ਹਿਰਦਿਆਂ ਨੂੰ ਠੰਢ ਪਾਉਣ ਦੀ ਸ਼ਕਤੀ ਆ ਜਾਂਦੀ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਅੰਮ੍ਰਿਤ-ਭਿੰਨੇ ਨੇਤਰਾਂ ਦੀ ਅੰਮ੍ਰਿਤ ਦ੍ਰਿਸ਼ਟੀ ਨਾਲ ਇਸ ਚੁਬੱਚੇ ਦਾ ਜਲ ਵੀ ਸ਼ਰਧਾਵਾਨਾਂ ਲਈ ਅਲੌਕਿਕ ਕਲਾ ਵਾਲਾ ਹੋ ਨਿਬੜਿਆ।

ਸ਼ਰਧਾ ਤੇ ਵਿਸ਼ਵਾਸ ਦੀ ਦ੍ਰਿੜ੍ਹਤਾ ਹਰ ਪ੍ਰਕਾਰ ਦੇ ਮਾਨਸਿਕ ਤੇ ਸਰੀਰਕ ਰੋਗ ਨੂੰ ਦੂਰ ਕਰਦੀ ਹੈ। ਇਸ ਚੁਬੱਚੇ ਦੇ ਜਲ ਬਾਰੇ ਇਹ ਵਿਸ਼ਵਾਸ ਅੱਜ ਵੀ ਕਾਇਮ ਹੈ ਤੇ ਲੋਕ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਲਗਾਏ ਬੰਗਲਾ

www.AKJ.Org


www.AKJ.Org

ਸਾਹਿਬ ਦੇ ਇਸ ਚੁਬੱਚੇ ਦੇ ਜਲ ਨੂੰ ਅੱਜ ਵੀ ਬੜੀ ਸ਼ਰਧਾ ਨਾਲ, ਹਰ ਪ੍ਰਕਾਰ ਦੇ ਰੋਗਾਂ ਤੋਂ ਰਾਹਤ ਹਾਸਲ ਕਰਨ ਵਰਤਦੇ ਹਨ ।

ਦਿੱਲੀ ਦੇ ਲੋਕਾਂ ਦੇ ਤੜਪਦੇ ਹਿਰਦਿਆਂ ਨੂੰ ਧਾਰਸ ਤੇ ਧੀਰਜ ਮਿਲਣ ਕਰਕੇ ਲੋਕ ਵਹੀਰਾਂ ਬੱਧੀ ਗੁਰੂ ਹਰਿਕ੍ਰਿਸ਼ਨ ਜੀ ਦੇ ਦਰਸ਼ਨਾਂ ਲਈ ਆਉਂਦੇ । ਉਨ੍ਹਾਂ ਦੀ ਲੋਕ-ਪ੍ਰਿਅਤਾ ਤੋਂ ਔਰੰਗਜ਼ੇਬ ਵੀ ਇੰਨਾ ਪ੍ਰਭਾਵਤ ਹੋਇਆ ਕਿ ਉਸ ਨੇ ਗੁਰੂ ਸਾਹਿਬ ਨੂੰ ਮਿਲਣ ਲਈ ਸੰਦੇਸ਼ ਭੇਜੇ । ਪ੍ਰੰਤੂ ਗੁਰੂ ਸਾਹਿਬ "ਸੰਗਤ ਨੂੰ ਇੱਕੀ ਵਿਸਵੇ ਤੇ ਗੁਰੂ ਨੂੰ ਵੀਹ ਵਿਸਵੇ", ਭਾਵ ਸੰਗਤ ਨੂੰ ਆਪਣੇ ਆਪ ਤੋਂ ਉਪਰ ਸਮਝਦੇ ਸਨ । ਇਸ ਲਈ ਕੀਰਤਪੁਰ ਦੀ ਸੰਗਤ ਦੇ ਔਰੰਗਜ਼ੇਬ ਨੂੰ ਨਾ ਮਿਲਣ ਦੇ ਆਦੇਸ਼ ਦਾ ਪਾਲਣ ਕਰਦੇ ਹੋਏ ਉਹ ਰਾਜ ਦਰਬਾਰ ਵਿਚ ਹਾਜ਼ਰ ਨਾ ਹੋਏ । ਇਹ ਔਰੰਗਜ਼ੇਬ ਵਰਗੇ ਸ਼ਕਤੀਵਾਨ ਸਮਰਾਟ ਲਈ ਇਕ ਚੁਣੌਤੀ ਸੀ । ਗੁਰੂ ਸਾਹਿਬ ਉਸ ਨੂੰ ਇਹ ਦ੍ਰਿੜ੍ਹ ਕਰਵਾਨਾ ਚਾਹੁੰਦੇ ਸਨ ਕਿ ਕੋਈ ਵੀ ਸ਼ਕਤੀ ਜਨਤਾ ਦੀ ਸ਼ਕਤੀ ਤੋਂ, ਜਨ-ਸਮੂਹ ਦੀ ਸ਼ਕਤੀ ਤੋਂ, ਸੰਗਤ ਦੀ ਸ਼ਕਤੀ ਤੋਂ ਉਪਰ ਨਹੀਂ ਹੁੰਦੀ—ਖਾਸ ਕਰਕੇ ਉਹ ਜਨਤਾ ਜੋ ਪਿਆਰ-ਸਾਂਝ ਵਿਚ ਜੁੜੀ ਹੋਈ ਹੋਵੇ । ਗੁਰੂ ਸਾਹਿਬ ਤਾਂ ਕੇਵਲ ਇਕ ਪਰਮਾਤਮਾ ਦੇ ਹੁਕਮ ਦੀ ਹੀ ਪਾਲਣਾ ਕਰਦੇ ਸਨ, ਉਸੇ ਨੂੰ ਹੀ ਰਾਜਿਆਂ ਦਾ ਰਾਜਾ ਤੇ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਮੰਨਦੇ ਸਨ ਤੇ ਇਹ ਰਾਜਿਆਂ ਦਾ ਰਾਜਾ ਪ੍ਰਭੂ ਪਰਮਾਤਮਾ ਆਪ, ਪਿਆਰ ਰੂਪ ਹੋ ਕੇ, ਜਨ-ਸਮੂਹ, ਭਾਵ, ਸੰਗਤ ਵਿਚ ਨਿਵਾਸ ਕਰਦਾ ਹੈ—"ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥" (ਪੰ: ੯੪) ਇਸ ਲਈ ਗੁਰੂ ਸਾਹਿਬ ਦੇ ਸਾਹਮਣੇ, ਸੰਗਤ ਦੇ ਆਦੇਸ਼ ਦੇ ਮੁਕਾਬਲੇ ਵਿਚ ਔਰੰਗਜ਼ੇਬ ਦਾ ਹੁਕਮ ਤੇ ਸੰਦੇਸ਼ ਹੇਚ ਸੀ । ਉਹ ਜਾਣਦੇ ਸਨ ਕਿ ਔਰੰਗਜ਼ੇਬ ਵਰਗੇ "ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ" (ਪੰਨਾ ੮੫੬) ਹਨ ।

ਔਰੰਗਜ਼ੇਬ ਗੁਰੂ ਸਾਹਿਬ ਦੀ ਸਰਵ-ਮਾਨਤਾ ਤੇ ਲੋਕ-ਪ੍ਰਿਅਤਾ ਤੋਂ ਪ੍ਰਭਾਵਤ ਹੋ ਕੇ (ਜਾਂ ਉਸ ਨੂੰ ਜਰ ਨਾ ਸਕਣ ਕਰਕੇ) ਆਪ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਮਿਲਣ ਲਈ ਰਾਜਾ ਜੈ ਸਿੰਘ ਦੇ ਬੰਗਲੇ, ਜਿਥੇ ਗੁਰੂ ਜੀ ਠਹਿਰੇ ਹੋਏ ਸਨ, ਆਇਆ । ਸ਼ਾਇਦ ਉਸ ਦਾ ਖ਼ਿਆਲ ਹੋਵੇ ਕਿ ਉਹ ਗੁਰੂ ਸਾਹਿਬ ਨੂੰ ਇਸਲਾਮ ਦੇ ਦਾਇਰੇ ਵਿਚ ਲਿਆ ਕੇ, ਇਸ ਦੇ ਪਰਸਾਰ ਲਈ ਵਰਤ ਸਕੇ (ਜਿਵੇਂ ਸਿਧਾਂ ਨੇ ਗੁਰੂ ਨਾਨਕ ਸਾਹਿਬ ਬਾਰੇ ਵਿਚਾਰਿਆ ਸੀ) ਜਾਂ ਫਿਰ ਉਨ੍ਹਾਂ ਉਤੇ ਰਾਮ ਰਾਏ ਵਾਂਗ ਗ਼ਲਬਾ ਪਾ ਕੇ ਸਿੱਖੀ ਦੇ ਵੱਧ ਰਹੇ ਪਰਸਾਰ ਨੂੰ ਰੋਕ ਲਵੇ । ਪਰ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਉਹ ਗੁਰੂ ਜੀ ਪਾਸ "ਚਰਨ ਸਰਨ ਹਿੱਤ" ਆਇਆ ਹੋਵੇ । ਜੇ ਉਹ "ਚਰਨ ਸਰਨ ਹਿੱਤ" ਆਇਆ ਹੁੰਦਾ ਤਾਂ ਗੁਰੂ ਜੀ ਉਸ ਨੂੰ ਅੱਗੋਂ ਹੋ ਮਿਲਦੇ । ਉਸ ਦਾ ਕਪਟ ਕਿਸੇ ਕੋਲੋਂ ਗੁਝਾ ਛਿਪਾ ਨਹੀਂ ਸੀ । ਗੁਰੂ ਜੀ ਉਸ ਦੀ ਮਾੜੀ ਨੀਯਤ ਨੂੰ ਸਮਝਦੇ ਸਨ । ਕਿਹਾ ਜਾਂਦਾ ਹੈ ਕਿ ਉਸ ਨੇ ਗੁਰੂ ਜੀ ਦੇ ਨਿਵਾਸ ਨੂੰ ਸਭ ਪਾਸਿਓਂ ਘੇਰਾ ਪਾਇਆ ਹੋਇਆ ਸੀ ਅਤੇ ਹਰ ਆਉਣ ਜਾਣ ਵਾਲੇ ਉਤੇ ਕੜੀ ਨਜ਼ਰ ਰੱਖੀ ਹੋਈ ਸੀ । ਇਸ ਲਈ ਜਦ ਗੁਰੂ ਜੀ ਨੂੰ ਸੰਦੇਸ਼ ਮਿਲਿਆ ਕਿ ਔਰੰਗਜ਼ੇਬ ਉਨ੍ਹਾਂ ਨੂੰ ਮਿਲਣ ਲਈ ਉਨ੍ਹਾਂ ਦੇ ਦਰਵਾਜ਼ੇ ਉਤੇ ਆਇਆ ਹੈ ਤਾਂ ਉਨ੍ਹਾਂ ਨੇ ਹਵੇਲੀ ਦਾ ਦਰਵਾਜ਼ਾ ਬੰਦ ਕਰਵਾ ਦਿੱਤਾ । ਬਾਦਸ਼ਾਹ ਤਕਰੀਬਨ ਅਧੀ ਘੜੀ (ਡੇਢ ਘੰਟਾ) ਗੁਰੂ ਜੀ ਨੂੰ ਮਿਲਣ ਲਈ ਦਰਵਾਜ਼ੇ ਉਤੇ ਉਡੀਕਦਾ ਰਿਹਾ, ਪਰ ਗੁਰੂ ਜੀ ਨੇ ਕਿਵਾੜ ਨਾ ਖੋਲ੍ਹੇ ਤੇ ਨਾ ਹੀ ਉਹ ਬਾਹਰ ਆਏ । ਨਾ ਹੀ ਉਨ੍ਹਾਂ ਨੇ ਔਰੰਗਜ਼ੇਬ ਨੂੰ ਅੰਦਰ ਆ ਜਾਣ ਦੀ ਆਗਿਆ ਦਿੱਤੀ ।

ਇਸ ਨਾਲ ਔਰੰਗਜ਼ੇਬ ਵਰਗਾ ਸ਼ਕਤੀਸ਼ਾਲੀ ਤੇ ਐਸਾ ਸ਼ਹਿਨਸ਼ਾਹ, ਜਿਸ ਦੇ ਇਕ ਇਸ਼ਾਰੇ ਨਾਲ ਸਭ ਕੁਝ ਤਹਿਸ ਨਹਿਸ ਹੋ ਸਕਦਾ ਸੀ, ਭੰਬਲ ਭੂਸੇ ਵਿਚ ਪੈ ਗਿਆ, ਚਕਰਾ ਗਿਆ ਕਿ ਉਹ ਅੱਠ ਸਾਲ ਦੇ "ਨਿਆਣੇ ਬੱਚੇ" ਦੀ ਜ਼ਿੱਦ ਨੂੰ ਕਿਵੇਂ ਤੋੜੇ । ਹਵੇਲੀ ਉਤੇ ਹਮਲਾ ਕਰ ਕੇ ਅੱਠ ਸਾਲਾਂ ਦੇ ਮਾਸੂਮ ਬਾਲ ਨੂੰ ਮਾਰ ਮੁਕਾਣ ਵਿਚ ਉਸ ਦੀ ਕੋਈ ਵਡਿਆਈ ਨਹੀਂ ਸੀ ਹੋ ਸਕਦੀ । ਇਹ ਸਗੋਂ ਉਸ ਲਈ ਵੱਡੀ ਲਾਅਨਤ, ਫਿਟਕਾਰ ਤੇ ਬਦਨਾਮੀ ਬਣ ਸਕਦੀ ਸੀ, ਖ਼ਾਸ ਤੌਰ ਉਤੇ ਜਦ ਗੁਰੂ ਸਾਹਿਬ ਦੀ ਮਹਿਮਾ, ਸਰਵ-ਮਾਨਤਾ ਤੇ ਲੋਕ-ਪ੍ਰਿਅਤਾ ਸਾਰੀ ਦਿੱਲੀ ਵਿਚ ਫੈਲੀ ਹੋਈ ਸੀ । ਉਹ ਲੋਕਾਂ ਦੇ ਦਿੱਲਾਂ ਵਿਚ ਨਿਵਾਸ ਕਰਦੇ ਸਨ ਤੇ ਲੋਕ ਉਨ੍ਹਾਂ ਨੂੰ ਆਪਣੇ ਦੁੱਖਾਂ ਤੇ ਕਲੇਸ਼ਾਂ

www.AKJ.Org

ਦਾ ਮਸੀਹਾ ਸਮਝਦੇ ਸਨ । ਇਹ ਲੋਕ-ਰਾਏ ਉਸ ਲਈ ਸਭ ਤੋਂ ਵੱਡੀ ਫਿਟਕਾਰ ਸਾਬਤ ਹੋ ਸਕਦੀ ਸੀ । ਦੂਸਰੇ ਪਾਸੇ ਗੁਰੂ ਸਾਹਿਬ ਦਾ ਹੱਠ ਉਸ ਦੀ ਸ਼ਹਿਨਸ਼ਾਹਿਤ ਦੇ ਮੂੰਹ ਉਤੇ ਜ਼ਬਰਦਸਤ ਚਪੇੜ ਸੀ, ਉਸ ਲਈ ਵੱਡੀ ਨਮੋਸ਼ੀ ਸੀ । 'ਖਾਏ ਤੇ ਅੰਨ੍ਹਾ, ਛਡੇ ਤਾਂ ਲੱਗੇ ਲਾਜ' ਵਾਲੀ ਗੱਲ ਬਣ ਗਈ ਸੀ । ਅਖੀਰ ਉਹ ਡੇਢ ਘੰਟੇ ਦੀ ਇੰਤਜ਼ਾਰ ਮਗਰੋਂ, ਹਾਰੇ ਹੋਏ ਜਵਾਰੀਏ ਵਾਂਗ, ਹੱਥ ਝਾੜ ਵਾਪਸ ਪਰਤ ਗਿਆ ।

ਔਰੰਗਜ਼ੇਬ ਵਰਗੇ ਸਾਕਤ ਤੇ ਕਪਟੀ ਨੂੰ, ਜਿਸ ਨੇ ਤਖ਼ਤ ਹਾਸਲ ਕਰਨ ਲਈ ਆਪਣੇ ਭਰਾਵਾਂ ਤੇ ਭਤੀਜਿਆਂ ਨੂੰ ਛਲ, ਕਪਟ ਤੇ ਲੜਾਈ ਦੁਆਰਾ ਮੌਤ ਦੇ ਘਾਟ ਉਤਾਰ ਦਿਤਾ, ਆਪਣੇ ਪਿਤਾ ਤੇ ਭੈਣ ਨੂੰ ਬੰਦੀਖ਼ਾਨੇ ਵਿਚ ਕੈਦ ਕਰ ਦਿਤਾ, ਅਤੇ ਇਸਲਾਮ ਦੇ ਪਰਸਾਰ ਦੇ ਭੁਲਾਵੇਂ ਤੇ ਦੰਭ ਹੇਠ ਹਜ਼ਾਰਾਂ ਲੋਕਾਂ ਦੇ ਖ਼ੂਨ ਨਾਲ ਹੱਥ ਰੰਗੇ ਤੇ ਸਰਮਦ ਵਰਗੇ ਸੂਫ਼ੀ ਨੂੰ ਵੀ ਮਰਵਾ ਦਿਤਾ, ਉਸ ਉਤੇ ਹਵੇਲੀ ਦਾ ਦਰਵਾਜ਼ਾ ਬੰਦ ਕਰ ਕੇ, ਉਸ ਨੂੰ ਮੂੰਹ ਨਾ ਲਾ ਕੇ ਗੁਰੂ ਹਰਿਕ੍ਰਿਸ਼ਨ ਜੀ ਨੇ ਗੁਰਬਾਣੀ ਵਿਚ ਸਾਕਤ ਸੰਬੰਧੀ ਦਿਤੇ ਆਦੇਸ਼ ਦੀ ਪਾਲਣਾ ਕੀਤੀ,ਇਸ ਦੇ ਅਨੁਸਾਰ ਹੋਣ ਦਾ ਪ੍ਰਮਾਣ ਦਿਤਾ ਤੇ ਗੁਰਬਾਣੀ ਉਤੇ ਦ੍ਰਿੜ੍ਹ ਵਿਸ਼ਵਾਸ ਤੇ ਸਿਦਕ ਦਾ ਸਬੂਤ ਦਿਤਾ ।

ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਿੱਲੀ ਵਿੱਚ ਠਹਿਰਨ ਦੇ ਸਮੇਂ ਦਿੱਲੀ ਵਿਚ ਚੀਚਕ ਦੀ ਬਿਮਾਰੀ ਇਕ ਮਹਾਂ ਮਾਰੀ ਦੇ ਰੂਪ ਵਿੱਚ ਫੈਲ ਗਏ । ਸੈਂਕੜੇ ਲੋਕ ਇਸ ਲਾ-ਇਲਾਜ ਬਿਮਾਰੀ ਕਾਰਨ ਤੜਪ ਤੜਪ ਕੇ ਮਰ ਰਹੇ ਸਨ । ਗੁਰੂ ਜੀ ਆਪਣੀ ਬਾਲ ਅਵਸਥਾ ਦੇ ਬਾਵਜੂਦ, ਇਨ੍ਹਾਂ ਬਿਮਾਰਾਂ ਕੋਲ ਪਹੁੰਚਦੇ, ਉਨ੍ਹਾਂ ਨੂੰ ਢਾਰਸ, ਧਰਵਾਸ ਤੇ ਦਿਲਾਸਾ ਦਿੰਦੇ ਤੇ ਉਸੇ ਤਰ੍ਹਾਂ ਰਾਹਤ ਪਹੁੰਚਾਂਦੇ ਜਿਵੇਂ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਵਿਚ ਫੈਲੇ ਗਿਲਟੀ ਤਾਪ ਦੇ ਵੇਲੇ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਲਾਹੌਰ ਤੇ ਫਿਰ ਸਿਰੀ ਨਗਰ ਵਿਚ ਗਿਲਟੀ ਤਾਪ ਦੇ ਸਮੇਂ ਹੱਥੀਂ ਸੇਵਾ ਕਰ ਕੇ ਰਾਹਤ ਪਹੁੰਚਾਈ ਸੀ । ਅਖੀਰ ਇਹ ਛੂਤ ਦੀ ਬਿਮਾਰੀ ਗੁਰੂ ਸਾਹਿਬ ਨੂੰ ਵੀ ਹੋ ਗਈ । ਉਨ੍ਹਾਂ ਨੇ ਆਪਣੀ ਬਾਲ ਅਵਸਥਾ ਦੇ ਬਾਵਜੂਦ, ਹੱਦ ਦਰਜੇ ਦੀ ਪ੍ਰੋੜ੍ਹਤਾ ਤੇ ਲੋਕ ਹਿੱਤ ਦਾ ਸਬੂਤ ਇਸ ਗੱਲ ਨਾਲ ਦਿੱਤਾ ਕਿ ਇਨ੍ਹਾਂ ਨੇ ਆਪਣਾ ਟਿਕਾਣਾ ਰਾਜਾ ਜੈ ਸਿੰਘ ਦੀ ਹਵੇਲੀ ਤੋਂ ਬਦਲ ਕੇ ਦਰਿਆ ਜਮਨਾ ਦੇ ਕੰਢੇ (ਹੁਣ ਵਾਲੇ ਗੁਰਦੁਆਰਾ ਬਾਲਾ ਸਾਹਿਬ) ਇਕ ਤੰਬੂ ਵਿਚ ਲੈ ਆਂਦਾ ਅਤੇ ਅਖੀਰ 'ਬਾਬਾ ਬਕਾਲੇ' ਕਹਿ ਕੇ, ਆਪਣੇ ਵਿਚ ਰੱਖੀ ਗੁਰੂ ਜੋਤਿ ਨੂੰ ਬਕਾਲੇ ਭੇਜ ਦਿੱਤਾ ਤੇ ਸਰੀਰ ਤਿਆਗ ਦਿੱਤਾ । ਚੀਚਕ ਦੀ ਮਹਾਂ ਮਾਰੀ ਵੇਲੇ, ਦੁਖੀ ਜਨਤਾ ਦੇ ਦੁਖ ਨੂੰ ਆਪਣੇ ਸਰੀਰ ਉਤੇ ਲੈ ਕੇ ਉਨ੍ਹਾਂ ਲਈ ਜਾਨ ਦੇ ਦੇਣਾ, ਆਪਣੇ ਆਪ ਵਿਚ ਇਕ ਅਦੁੱਤੀ ਕੁਰਬਾਨੀ ਹੈ, ਜੋ ਲੋਕਾਂ ਦਾ ਦੁਖ ਨਿਵਾਰਨ ਲਈ ਇਸ ਬਾਲਾ ਗੁਰੂ ਨੇ ਦਿੱਤੀ । ਸਭ ਲੋਕਾਂ ਦਾ ਦੁਖ ਆਪਣੇ ਸਰੀਰ ਉਤੇ ਲੈ ਕੇ, ਆਪਣੀ ਜਾਨ ਦੇ ਕੇ, ਉਨ੍ਹਾਂ ਨੂੰ ਅਰੋਗਤਾ ਬਖਸ਼ਣ ਵਾਲੇ ਇਸ ਬਾਲਾਂ ਨੂੰ ਅਸੀਂ ਹਰ ਰੋਜ਼ ਅਰਦਾਸ ਕਰਨ ਲੱਗਿਆਂ, ਇਨ੍ਹਾਂ ਸ਼ਬਦਾਂ ਵਿਚ ਅਕੀਦਤ ਪੇਸ਼ ਕਰਦੇ ਹਾਂ :

'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ ।'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ 'ਵਾਰ ਸ੍ਰੀ ਭਗੌਤੀ ਜੀ ਕੀ' ਵਿਚ ਦਿੱਤੇ ਇਨ੍ਹਾਂ ਸ਼ਬਦਾਂ ਦੇ ਹਰ ਰੋਜ਼ ਅਰਦਾਸ ਵਿਚ ਦੁਹਰਾਣ ਨਾਲ; ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਇਸ ਕੁਰਬਾਨੀ ਵਿਚ ਸਾਡੀ ਸ਼ਰਧਾ ਤੇ ਵਿਸ਼ਵਾਸ ਦ੍ਰਿੜ੍ਹ ਹੁੰਦਾ ਰਹਿੰਦਾ ਹੈ ।

---

## ਪਾਠਕ ਨੋਟ ਕਰਨ

੧. ਪਰਚਾ ੧੫ ਤਰੀਕ ਤਕ ਨਾ ਮਿਲੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ ।

੨. ਤੁਹਾਡਾ ਚਿੱਟ ਨੰਬਰ ਹਰ ਮਹੀਨੇ ਐਡਰੈਸ ਤੋਂ ਪਹਿਲਾਂ ਲਿਖ ਭੇਜਦੇ ਹਾਂ । ਚਿੱਟ ਨੰਬਰ ਨੋਟ ਕਰੋ । ਚੰਦਾ ਜਮ੍ਹਾ ਕਰਾਉਣ ਲਈ ਚਿੱਟ ਨੰਬਰ ਜ਼ਰੂਰ ਦਸੋ, ਨਹੀਂ ਤਾਂ ਚੰਦਾ ਗਲਤ ਖਾਤੇ ਵਿਚ ਜਮ੍ਹਾ ਹੋ ਸਕਦਾ ਹੈ ।

੩. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤਕ ਪੁਜਣੇ ਜ਼ਰੂਰੀ ਹਨ ।

੪. ਪਰਦੇਸੀ ਵੀਰ ਆਪਣੇ ਡਰਾਫ਼ਟ ਜਾਂ ਮਨੀਆਰਡਰ ਆਦਿ ਕੇਵਲ ਇੰਡੀਅਨ ਕਰੰਸੀ ਵਿਚ ਭੇਜਣ, ਕਿਉਂਕਿ ਪਰਦੇਸੀ ਕਰੰਸੀ ਕੈਸ਼ ਕਰਾਉਣ ਬਦਲੇ ਬੈਂਕ ਬਹੁਤ ਜ਼ਿਆਦਾ ਕਟੌਤੀ ਕਰਦੇ ਹਨ ।

www.AKJ.Org



www.AKJ.Org

# ਪੰਜ ਗਿਆਨ ਇੰਦਰੇ ਕਿਵੇਂ ਪਰਵਾਨ ਪੈਂਦੇ ਹਨ ?

[ਪ੍ਰਿੰਸੀਪਲ ਸੱਜਣ ਸਿੰਘ ਜੀ, 618-ਗੋਬਿੰਦਪੁਰੀ, ਨਵੀਂ ਦਿੱਲੀ--19]

ਕਿਲ੍ਹੇ ਰੂਪੀ ਕਾਇਆਂ ਵਿਚ ਮਨ ਮਾਵਾਸੀ ਰਾਜਾ ਹੈ, ਕਿਉਂਕਿ ਸਰੀਰ ਦੀ ਮਾਮੂਲੀ ਜਿਹੀ ਹਰਕਤ ਵੀ ਇਸ ਦੇ ਹੁਕਮ ਬਿਨਾਂ ਨਹੀਂ ਹੁੰਦੀ। ਬੇਸ਼ਕ ਕਾਇਆਂ ਦੇ ਅੰਦਰ ਦਿਲ, ਗੁਰਦੇ ਤੇ ਕੁਝ ਹੋਰ ਇੰਦਰੇ ਮਨ ਦੀ ਹਦਾਇਤ ਤੋਂ ਕਾਫ਼ੀ ਹੱਦ ਤੱਕ ਸੁਤੰਤਰ ਹਨ ਤੇ ਆਪਣੇ ਆਪ ਹੀ ਆਪਣਾ ਕਾਰਜ ਨਿਭਾਉਂਦੇ ਹਨ, ਫਿਰ ਵੀ ਕਰਮ-ਇੰਦਰੇ ਤੇ ਗਿਆਨ ਇੰਦਰੇ ਵਿਸ਼ੇਸ਼ ਤੌਰ ਤੇ ਮਨ ਦੇ ਮਾਤਹਿਤ ਹਨ। ਦੂਸਰੇ ਸ਼ਬਦਾਂ ਵਿੱਚ ਇਨ੍ਹਾਂ ਦੇ ਯੋਗ ਅਯੋਗ ਕਰਤੱਵ ਦੀ ਜ਼ਿੰਮੇਵਾਰੀ ਤੋਂ ਮਨ ਨੂੰ ਮੁਕਤ ਨਹੀਂ ਕੀਤਾ ਜਾ ਸਕਦਾ।

ਗਿਆਨ ਇੰਦਰੇ ਚੌਕੀਦਾਰ ਵਾਂਗ ਹਨ ਤੇ ਆਪਣੇ ਸੁਲਤਾਨ 'ਮਨ' ਤੋਂ ਮਿਲੀ ਆਗਿਆ ਅਨੁਸਾਰ, ਸੂਚਨਾ ਤੇ ਗਿਆਨ ਨੂੰ ਮਨ ਦੇ ਦਰਬਾਰ ਅੰਦਰ ਪਹੁੰਚਾਉਣਾ ਤੇ ਬਿਬਰਜਿਤ ਜਾਣਕਾਰੀ ਨੂੰ ਰੋਕਣਾ ਇਨ੍ਹਾਂ ਦਾ ਫ਼ਰਜ਼ ਹੈ। ਜੇ ਗਿਆਨ-ਇੰਦਰੇ ਆਪਣੇ ਫਰਜ਼ ਦੀ ਕੋਤਾਹੀ ਕਰਕੇ ਆਪਣਾ ਵਿਸ਼ਵਾਸ ਖੋ ਬੈਠਣ ਅਤੇ ਮਨ-ਮਾਨੀ ਤੇ ਉੱਤਰ ਆਉਣ ਤਾਂ ਉਨ੍ਹਾਂ ਨੂੰ ਸੋਧਣ ਦੀ ਲੋੜ ਪੈਂਦੀ ਹੈ। ਹਜ਼ੂਰ ਦਾ ਫੁਰਮਾਨ ਹੈ—

ਪੰਚ ਪਹਰੂਆ ਦਰ ਮਹਿ ਰਹਤੇ ਤਿਨ੍ ਕਾ ਨਹੀ ਪਤੀਆਰਾ ॥
ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥੭੩॥

(ਗਉੜੀ ਕਬੀਰ ਜੀ—੩੩੯)

ਜੇ ਰਾਜਾ ਬਲਵਾਨ, ਨਿਰਪੱਖ ਤੇ ਨਿਆਂਕਾਰੀ ਹੋਵੇ ਤਾਂ ਕਿਸੇ ਭੀ ਇੰਦਰੇ ਨੂੰ ਹੁਕਮ-ਅਦੂਲੀ ਕਰਨ ਦੀ ਜੁਰਅਤ ਨਹੀਂ ਪੈਂਦੀ। ਪਰ ਸਾਡੇ ਆਪਣੇ ਹੀ ਮਨ ਦੀ ਬਦਨੀਤੀ ਤੇ ਢਿੱਲੜਪੁਣੇ ਕਰਕੇ ਪੰਜਾਂ ਹੀ ਦਰਬਾਨਾਂ ਤੇ ਨਿਯੰਤਰਣ (*control*) ਢਿੱਲਾ ਪੈ ਜਾਂਦਾ ਹੈ, ਜਿਸ ਕਰਕੇ ਹਿਰਦਾ ਗਿਆਨ ਦੀ ਜਯੋਤੀ ਨਾਲ ਪਰਜੁੱਲਤ ਨਹੀਂ ਹੁੰਦਾ। ਅਗਿਆਨਤਾ ਮਿਟਾਉਣ ਤੇ ਸੱਚ ਦਾ ਪ੍ਰਕਾਸ਼ ਪ੍ਰਗਟਾਉਣ ਲਈ ਪਰਮ ਜੋਤੀ ਸਰੂਪ ਵਾਹਿਗੁਰੂ ਦੇ ਦੈਵੀ ਗੁਣ ਹਿਰਦੇ ਵਿਚ ਵਸਾਉਣੇ ਲਾਜ਼ਮੀ ਹਨ। ਜਿਨ੍ਹਾਂ ਨੇ ਸ਼ਰਧਾ ਦੀ ਸੇਜ ਵਿਛਾਈ ਹੈ ਤੇ ਪਿਰਮ ਪਿਆਲੇ ਦੇ ਰਸ ਭੁੰਚਣ ਦੀ ਅਮੁੱਲ ਜੁਗਤੀ ਅਪਣਾਈ ਹੈ, ਉਨ੍ਹਾਂ ਨੇ ਹੀ ਵਾਸਤਵ ਵਿਚ ਪਤੀ-ਪਰਮੇਸ਼ਰ ਨੂੰ ਰਿਝਾਇਆ ਹੈ ਤੇ ਸਦੀਵੀ ਬਖਸ਼ਸ਼ ਨੂੰ ਅਪਣੇ ਦਾਮਨ ਵਿਚ ਪੁਆਇਆ ਹੈ।

ਪਪਾ ਅਪਰ ਪਾਰੁ ਨਹੀ ਪਾਵਾ ॥ ਪਰਮ ਜੋਤਿ ਸਿਉ ਪਰਚਉ ਲਾਵਾ ॥
ਪਾਂਚਉ ਇੰਦ੍ਰੀ ਨਿਗ੍ਰਹ ਕਰਈ ॥ ਪਾਪੁ ਪੁੰਨੁ ਦੋਊ ਨਿਰਵਰਈ ॥੨੩॥

(ਗਉੜੀ ਬਾਵਨ ਅਖਰੀ ਕਬੀਰ ਜੀ—੩੪੧)

ਇੱਕ ਅੰਗ ਕੀ, ਸਮੁੱਚੀ ਕਾਇਆਂ ਹੀ ਦਰਗਹ ਵਿਚ ਪਰਵਾਨ ਹੁੰਦੀ ਹੈ, ਅਨਾਦਰ ਤੇ ਤ੍ਰਿਸਕਾਰ ਤੋਂ ਸੁਰੱਖਿਅਤ ਰਹਿੰਦੀ ਹੈ, ਜੇ ਜੀਵ ਦਾ ਚਿੱਤ ਇੱਕ ਨਾਲ ਨਿਰੰਤਰ ਜੁੜ ਜਾਵੇ।

ਹੇ ਸੁਭਾਗੀ ਜਿਹਬਾ! ਤੂੰ ਸਾਧਨ ਵੀ ਹੈਂ; ਕਰਤਾ ਵੀ ਹੈ; ਜੁਗਤਾ ਵੀ ਹੈਂ, ਭੁਗਤਾ ਵੀ ਹੈਂ। ਜੇ ਨਿਮਖ ਨਿਮਖ ਤੂੰ ਨਾਮ ਜਪੇਂ, ਰਸਿਕ ਰਸਿਕ ਗੁਣ ਗਾਵੇਂ, ਆਨ ਰਸਾਂ ਨੂੰ ਤਿਆਗ ਕੇ ਹਰਿ-ਰਸ ਦਾ ਸਾਦ ਚਖੇਂ ਤਾਂ ਸਹਜੇ ਹੀ ਤੂੰ ਨਾਮ-ਰਸ ਦੀ ਮਿਠਾਸ ਦੇ ਅਗੰਮੀ ਸੁਆਦ ਦੀ ਭੁੰਚਣਹਾਰੀ ਬਣ ਜਾਵੇਂ। ਇਹ ਵਡਿਆਈ ਤੈਨੂੰ ਹੀ ਹੈ ਤੇ ਤੇਰਾ ਫ਼ਰਜ਼ ਹੈ ਕਿ ਤੂੰ ਇਸ ਤੇ ਪੂਰੀ ਉਤਰੇਂ। ਗੁਰਮਤਿ ਨਾਮ ਦੇ ਉਚਾਰਨ ਤੇ ਅੰਮ੍ਰਿਤ-ਰਸ ਦੀ ਪ੍ਰਾਪਤੀ ਦੇ ਸੰਬੰਧ ਬਾਰੇ ਗੁਰਦੇਵ ਜੀ ਦਾ ਇਲਾਹੀ ਫ਼ੁਰਮਾਨ ਹੈ—

ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ਰਹਾਉ॥੧੪੪॥

(ਗਉੜੀ ਮਹਲਾ ੫-੧੯੪)

ਗੁਰਬਾਣੀ ਵਿਚ ਐਸੇ ਅਨੇਕ ਗੁਰਵਾਕ ਹਨ, ਜਿਨ੍ਹਾਂ ਵਿਚ ਰਸਨਾ ਦੁਆਰਾ ਸੁਆਦ ਲੈ ਲੈ ਕੇ ਗੁਰ-ਸ਼ਬਦ

www.AKJ.Org



www.AKJ.Org

ਉਚਾਰਨ ਸਦਕੇ, ਲਿਵ ਦਾ ਉਨਮਨੀ ਅਵਸਥਾ ਵਿਚ ਲੱਗਣਾ ਦਰਸਾਇਆ ਗਿਆ ਹੈ—

ਰਜਕਿ ਰਸਿਕ ਗੁਨ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ ॥
ਅੰਮ੍ਰਿਤ ਰਸੁ ਪੀਆ ਗੁਰ ਸਬਦੀ ਹਮ ਨਾਮ ਵਿਟਹੁ ਕੁਰਬਾਨ॥੧॥੧॥ (ਪ੍ਰਭਾਤੀ ਮ: ੪,੧੩੩੫)

ਹੋਛੇ ਆਨ ਰਸਾਂ ਦੇ ਭੋਗਾਂ ਤੋਂ ਨਿਰਲੇਪ ਰਹਿਣ ਦੀ ਕੇਵਲ ਇੱਕੋ ਜੁਗਤੀ ਹੈ—ਨਾਮ-ਰਸ ਦਾ ਸੁਆਦ ਚੱਖਣਾ। ਆਤਮ-ਰਸ ਦਾ ਰਸੀਆ, ਸੰਸਾਰੀ ਜੀਵਾਂ ਦੀ ਸੰਗਤ ਵਿਚ ਰਹਿੰਦਾ ਹੋਇਆ ਵੀ, ਮਾਇਆ ਵਿਚ ਵਿਚਰਦਾ ਵੀ, ਤੁੱਛ ਸੁਆਦਾਂ ਦੀ ਝਾਕ ਨਹੀਂ ਰੱਖਦਾ। ਐਸੇ ਹੰਸ ਸਮਾਨ ਅਪਰਸ ਜੀਵਾਂ ਬਾਰੇ ਬਾਬਾ ਫਰੀਦ ਜੀ ਦਾ ਫੁਰਮਾਨ ਪੂਰਾ ਉੱਤਰਦਾ ਹੈ—

ਹੰਸੁ ਉਡਰਿ ਕੋਧਰੈ ਪਇਆ ਲੋਕੁ ਵਿਡਾਰਣਿ ਜਾਇ ॥
ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥੬੫॥ ੧੩੮੧)

ਅਕਾਲ ਪੁਰਖ ਦੀ ਸਰਬ-ਵਿਆਪਕਤਾ ਦੀ ਭਾਵਨਾ, ਗੁਰਬਾਣੀ ਦਾ ਸਤਿਕਾਰ ਗੁਰ ਅਤੇ ਸਤਿਗੁਰ ਨਾਲ ਪਿਆਰ, ਨਾਮ ਜੱਪਣ ਦੇ ਉਤਸ਼ਾਹ ਵਿਚ ਅਗੰਮੀ ਸੁਆਦ ਭਰਦਾ ਹੈ। ਪ੍ਰੀਤ ਦੇ ਜਜ਼ਬੇ ਤੋਂ ਸੱਖਣਾ ਜਾਪ, ਬਕਾਵਟ ਅਕਾਵਟ ਭਰਪੂਰ, ਹਠੀਲਾ ਤੇ ਅਪੂਰਨ ਹੁੰਦਾ ਹੈ। ਰਸ, ਖੇੜਾ, ਹਰਿਆਲੀ, ਤਾਜ਼ਗੀ, ਸਰੂਰ ਤੇ ਮਸਤੀ ਦਾ ਛਾਂਦਾ, ਕੇਵਲ ਪਿਰਮ ਪਿਆਲੇ ਦੀ ਬਖਸ਼ਸ਼ ਵਿਚ ਹੈ। ਗੁਰ ਫੁਰਮਾਨ ਹੈ—

ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ ਪੀਅਉ ਭਾਰੀ ॥
ਤਾ ਕੀ ਕੀਮਤਿ ਕਹਣੁ ਨ ਜਾਈ, ਕੁਦਰਤਿ ਕਵਨ ਹਮਾਰੀ ॥੧॥੧੧॥(ਜੈਤਸਰੀ ਮ: ੫—੭੦੨)

ਰਸਨਾ ਦੁਆਰਾ ਉਚਾਰੇ ਗੁਰਮਤਿ ਨਾਮ ਦਾ ਅੰਮ੍ਰਿਤ ਰਸ ਭੁੰਚਣਾ ਕਿੰਨਾ ਰਸੀਲਾ ਬਣ ਜਾਂਦਾ ਹੈ ਜੇ ਨਾਮ ਦੀ ਧੁਨੀ ਕੰਨਾਂ ਨੂੰ ਸਪਰਸ਼ ਕਰਦੀ ਹਿਰਦੇ ਵਿਚ ਪਰਵੇਸ਼ ਕਰੇ। ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਅਨੁਸਾਰ ਕੰਨਾਂ ਦੀ ਉਤਪਤੀ ਇਸ ਲਈ ਹੈ ਕਿ ਉਹ ਅੰਮ੍ਰਿਤ ਨਾਮ ਸੱਚੀ ਬਾਣੀ ਨੂੰ ਧਿਆਨ ਨਾਲ ਸਰਵਨ ਕਰਨ, ਕਿਉਂਕਿ ਇਉਂ ਸੁਣਨ ਨਾਲ ਮਨ ਤਨ ਹਰਿਆ ਤੇ ਪ੍ਰਫੁੱਲਤ ਹੁੰਦਾ ਹੈ ਤੇ ਜਿਹਬਾ ਵੀ ਨਾਮ-ਰਸ ਵਿਚ ਲੀਨ ਹੁੰਦੀ ਹੈ।

ਜਿਨ੍ਹਾਂ ਕੰਨਾਂ ਨੂੰ ਲਾਇਤਬਾਰੀ ਖਾਣ (ਚੁਗਲੀ ਸੁਣਨ) ਦਾ ਚਸਕਾ ਹੋਵੇ, ਫੋਕਟ ਰਾਗ ਨਾਦ ਦੀਆਂ ਧੁਨੀਆਂ ਆਕਰਖਤ ਕਰਨ, ਉਨ੍ਹਾਂ ਦੇ ਹਿਰਦੇ ਅੰਦਰ ਗੁਰ-ਸ਼ਬਦ ਸੁਣਨ ਦਾ ਚਾਉ ਕਿਵੇਂ ਉਪਜੇ ? ਮੋਹ ਮਾਇਆ ਦੀ ਦਲਦਲ ਵਿਚ ਫਸਿਆ ਬੰਦਾ, ਜੇ ਆਪਣੀ ਸ਼ਕਤੀ ਤੇ ਜੁਗਤੀ ਤੇ ਨਿਰਭਰ ਕਰੇ ਤਾਂ ਛੁਟਕਾਰਾ ਨਹੀਂ ਪਾ ਸਕਦਾ। ਜਦ ਸਤਿਗੁਰ ਆਪਿ ਤਰੁੱਠ ਕੇ, ਨਾਮ ਦੀ ਦਾਤਿ ਬਖਸ਼ਦਾ ਹੈ ਤੇ ਸੰਗਤ ਵਿਚ ਕੀਰਤੀ ਸੁਣਨ ਦਾ ਅਵਸਰ ਪ੍ਰਦਾਨ ਕਰਦਾ ਹੈ ਤਾਂ ਉਸ ਦੀ ਘਾਲ ਥਾਇ ਪੈਂਦੀ ਹੈ।

ਸਤਿਗੁਰਿ ਪੂਰੈ ਕੀਨੀ ਦਾਤਿ ॥
ਹਰਿ ਹਰਿ ਨਾਮੁ ਦੀਓ ਕੀਰਤਨ ਕਉ, ਭਈ ਹਮਾਰੀ ਗਾਤਿ ॥ਰਹਾਉ ॥੪੧॥

(ਧਨਾਸਰੀ ਮ: ੫; ੬੮੧)

ਇਹ ਦੇਹ ਤੇਜਣਿ (ਘੋੜੀ) ਬਿਖੜਾ ਪੈਂਡਾ ਲੰਘਾਉਣ ਦੇ ਯੋਗ ਬਣ ਜਾਵੇ, ਸਤਿਗੁਰੂ ਜੀ ਨੇ ਮੂੰਹ ਵਿਚ ਗਿਆਨ ਰੂਪੀ ਲਗਾਮ ਤੇ ਤਨ ਵਿਚ ਪ੍ਰੇਮ ਦਾ ਚਾਬਕ ਲਾਇਆ ਹੈ। ਗੁਰ ਉਪਦੇਸ਼ ਕਮਾਉਣ ਵਾਲੇ ਗੁਰਮੁਖ ਜਨ ਨੂੰ ਸ਼ਬਦ-ਸ੍ਰੋਤ ਦੁਆਰਾ ਤਨ ਰੰਗਣ ਤੇ ਮਨ ਜਿੱਤਣ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਗੁਰਦੇਵ ਜੀ ਦਾ ਪਾਵਨ ਹੁਕਮ ਹੈ—

ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ ॥
ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ ॥੩॥

(ਵਡਹੰਸ ਮ: ੪ ਘੋੜੀਆਂ—੫੭੫)

ਤੁਚਾ ਕੇਵਲ ਸਰੀਰ ਦਾ ਪਹਿਰਾਵਾ ਜਾਂ ਓਢਣਾ ਹੀ ਨਹੀਂ, ਸਗੋਂ ਇਹ ਸਮੁਚੇ ਸਰੀਰ ਦਾ ਅਹੱਤ ਭਾਗ www.AKJ.Org


www.AKJ.Org

ਹੈ। ਜਿਥੇ ਇਹ ਤੰਦਰੁਸਤੀ ਦਾ ਆਈਨਾ ਹੈ, ਉੱਥੇ ਸੁਚੱਜੀ ਸਿਹਤ ਕਾਇਮ ਰੱਖਣ ਲਈ ਇਸ ਦਾ ਆਪਣਾ ਹੀ ਯੋਗਦਾਨ ਹੈ। ਜਿਹੜੇ ਵਿਦਵਾਨ ਪੰਡਿਤ ਅਸ਼ਟਾਵਕ੍ਰ ਦੀ ਸੂਰਤ ਦੇਖ ਕੇ ਹੱਸੇ, ਉਹ ਵਾਸਤਵ ਵਿਚ ਸੀਰਤ ਦੇ ਨਹੀਂ, ਚਮੜੇ ਦੇ ਪਾਰਖੂ ਸਨ। ਇਸੇ ਕਰਕੇ ਅਸ਼ਟਾਵਕ੍ਰ ਨੇ ਉਨ੍ਹਾਂ ਨੂੰ ਚਮਾਰ ਕਹਿ ਕੇ ਪੁਕਾਰਿਆ ਸੀ। ਜੀਵਨ ਦੇ ਕਈ ਪੱਖਾਂ ਵਿਚ ਚਮੜੀ ਦੇ ਵਿਉਪਾਰੀ, ਦ੍ਰਿਸ਼ਟੀ-ਗੋਚਰ ਸੁੰਦਰਤਾ ਨੂੰ ਪਰਖਣ ਵਾਲੇ ਜਾਂ ਬਾਹਰੀ ਗੁਣਾਂ ਦੇ ਪ੍ਰਸ਼ੰਸਕ, ਸਮਾਂ ਪਾ ਕੇ ਆਪਣੀ ਕਥਨੀਆਂ ਤੇ ਕਰਣੀਆਂ ਤੇ ਪਛਤਾਉਂਦੇ ਹਨ।

ਗੁਰਦੇਵ ਜੀ ਨੇ ਗੁਰਸਿੱਖਾਂ ਨੂੰ ਯੁਵਾ ਅਵਸਥਾ ਦੀ ਚਮੜੀ ਦੀ ਜਾਦੂਮਈ ਖਿੱਚ, ਕਸੁੰਭੜੇ ਫੁੱਲ ਜੈਸੀ ਖਿਨ ਮਾਤ੍ਰ ਰੰਗਤ, ਸੁਗੰਧ-ਹੀਨ ਸੁੰਦਰਤਾ ਤੇ ਆਤਮਕ ਜੀਵਨ ਨਸ਼ਟ ਕਰਨ ਵਾਲੀ ਸਰੀਰਕ ਛੁਹ ਤੋਂ ਬਚਣ ਲਈ ਸਾਵਧਾਨ ਕੀਤਾ ਹੈ। ਕਾਹਦੀ ਵਡਿਆਈ ਹੈ ਮਨੁੱਖਾ ਦੇਹੀ ਦੀ, ਜੇ ਉਹ ਅਨਿਕ ਭਾਂਤ ਦੀਆਂ ਸੁਗੰਧੀਆਂ ਨੂੰ ਛੁਹ ਕੇ ਮਲੀਨ ਕਰ ਦੇਵੇ ? ਇਹ ਸਰੀਰ ਮਿੱਝ, ਲਹੂ ਤੇ ਦੁਰਗੰਧਤਾ ਨਾਲ ਭਰਪੂਰ ਹੈ, ਪਰ ਅਗਿਆਨੀ ਪੁਰਸ਼ ਇਸ ਤੇ ਗਰਬ ਕਰਦਾ ਹੈ—

ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ਯ ਦੇਹੰ ਮਲੀਣੰ ॥
ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ ॥੧॥ (ਮ: ੫ ਗਾਥਾ—੧੩੬੦)

[ਕਰਪੂਰ—ਮੁਸ਼ਕ ਕਪੂਰ। ਪੁਹਪ—ਫੁਲ। ਮਜਾ—ਮਿੱਝ। ਰੁਧਿਰ—ਲਹੂ। ਅਥਿ—ਇਸ ਉਤੇ।]

ਨਿਗੁਰੇ ਪੁਰਸ਼ ਦੀ ਦੇਹੀ ਹਾਥੀ ਸਮਾਨ ਹੈ, ਜਿਹੜਾ ਇਸ਼ਨਾਨ ਕਰਕੇ ਭਰਮ ਭੁਲੇਖੇ ਅੰਦਰ ਆਪਣੇ ਪਿੰਡੇ ਉਤੇ ਖੇਹ ਉਡਾਉਂਦਾ ਹੈ, ਤੇ ਸਪਰਸ਼ ਰੋਗ ਵਿਚ ਗ੍ਰਸਤ ਰਹਿੰਦਾ ਹੈ। ਹਰਿ ਕੀਰਤਨ ਦੀ ਵਰਖਾ ਦਾ ਲਾਭ ਨਾ ਉਠਾਉਣਾ ਤੇ ਆਪਣੀ ਆਤਮਾ ਨੂੰ ਅੰਮ੍ਰਿਤ-ਜਲ ਤੋਂ ਅਭਿੱਜ ਰੱਖਣਾ ਇਸ ਤੱਤ ਦਾ ਸੰਕੇਤ ਹੈ ਕਿ ਸੰਬੰਧਤ ਧਰਤੀ ਕੱਲਰ ਵਾਂਗ ਹੈ ਜਾਂ ਹਿਰਦਾ ਸੁੱਕਿਆ ਕੁਮਲਾਇਆ ਹੈ। ਗੁਰਬਾਣੀ ਅਨੁਸਾਰ ਐਸੀ ਦੇਹੀ ਦਾ ਮਾਲਕ ਭਰਮ ਹੈ, ਜਦ ਕਿ ਗੁਰਮੁਖ ਜਨ ਦੀ ਕੰਚਨ ਰੂਪੀ ਦੇਹੀ ਦਾ ਭਤਾਰ ਗੁਰ-ਸ਼ਬਦ ਹੈ—

ਮਨਮੁਖ ਦੇਹੀ ਭਰਮੁ ਭਤਾਰੋ ॥ ਦੁਰਮਤਿ ਮਰੈ ਨਿਤ ਹੋਇ ਖੁਆਰੋ ॥
ਕਾਮਿ ਕ੍ਰੋਧਿ ਮਨੁ ਦੂਜੈ ਲਾਇਆ ਸੁਪਨੈ ਸੁਖੁ ਨ ਤਾਹਾ ਹੇ ॥੧੩॥
ਕੰਚਨ ਦੇਹੀ ਸਬਦੁ ਭਤਾਰੋ ॥ ਅਨਦਿਨੁ ਭੋਗ ਭੋਗੇ ਹਰਿ ਸਿਉ ਪਿਆਰੋ ।
ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥੧੪॥ (ਮਾਰੂ ਮ: ੩—੧੦੫੮)

ਗੁਰਮਤਿ ਨਾਮ ਅਭਿਆਸ ਖੁਸ਼ਕ ਕ੍ਰਿਆ ਨਹੀਂ, ਜਿਸ ਤੋਂ ਸਿਰ ਦਰਦ ਜਾਂ ਥਕਾਵਟ ਉਤਪੰਨ ਹੋਵੇ। ਹਠੀਲੇ ਜਤਨਾਂ ਤੋਂ ਕਾਇਆਂ ਕੁਮਲਾਂਦੀ, ਨਿਰਬਲ ਹੁੰਦੀ ਤੇ ਰਸ-ਹੀਨ ਰਹਿੰਦੀ ਹੈ, ਜਦ ਕਿ ਸਹਜ ਅਵਸਥਾ ਵਾਲੀ ਬਿਰਤੀ ਦੁਆਰਾ ਇਕ ਰਸ ਟਿਕਾਉ, ਅਡੋਲਤਾ ਤੇ ਪ੍ਰੇਮਾ ਭਗਤੀ ਦੀ ਭਾਵਨਾ ਤੋਂ ਤਨ ਮਨ ਦਾ ਮਉਲਣਾ ਤੇ ਹਰਿਆ ਭਰਿਆ ਰਹਿਣਾ ਪ੍ਰਾਪਤ ਹੁੰਦਾ ਹੈ—

ਆਤਮ ਉਪਦੇਸ ਭੇਸੁ ਸੰਜਮ ਕੋ ਜਾਪੁ ਸੁ ਅਜਪਾ ਜਾਪੈ ॥
ਸਦਾ ਰਹੈ ਕੰਚਨ ਸੀ ਕਾਯਾ ਕਾਲ ਨ ਕਬਹੂੰ ਬਜਾਪੈ ॥੩॥੨॥ (ਰਾਮਕਲੀ ਪ: ੧੦)

ਇਹ ਹੈ ਅਜਪਾ ਜਾਪ ਦੀ ਸਰੀਰ ਉੱਤੇ ਜ਼ਾਹਰੀ ਕਲਾ ਦਾ ਪਰਤੱਖ ਨਜ਼ਾਰਾ।

ਅੱਖਾਂ ਦੀ ਰੋਸ਼ਨੀ ਮਹਾਨ ਈਸ਼ਵਰੀ ਦਾਤਿ ਹੈ, ਜਿਸ ਦੀ ਯੋਗ ਵਰਤੋਂ ਅਰੋਗ ਸਭਿਅਤਾ ਦਾ ਪ੍ਰਤੀਕ ਹੈ। ਸਾਧਾਰਨ ਜੀਵ ਦੀ ਦ੍ਰਿਸ਼ਟੀ ਦਾ ਸਦਾਚਾਰਕ ਪੱਖ ਜਾਨਵਰਾਂ ਤੇ ਪਸ਼ੂਆਂ ਦੇ ਪੱਧਰ ਤੋਂ ਉੱਚਾ ਨਹੀਂ ਹੁੰਦਾ। ਜੇ ਇਨਸਾਨ ਖਿਨ ਭਰ ਵੀ ਸਮਾਜਕ ਨਿਯਮਾਂ ਦੇ ਘੇਰੇ ਤੋਂ ਬਾਹਰ ਹੋ ਜਾਵੇ ਤਾਂ ਇਸ ਦੀ ਗਿਰਾਵਟ ਦੀ ਸੀਮਾ ਵਾਸਤਵਿਕ ਰੂਪ ਵਿਚ ਨਸ਼ਰ ਹੋ ਜਾਵੇ। ਇਨਸਾਨ ਦਾ ਕੀ ਕਹਿਣਾ, ਇਸ ਦੀ ਕੁਵਰਤੋਂ ਦੇਵਤੇ ਨੂੰ ਸ਼ੈਤਾਨ ਵਿਚ ਬਦਲ ਦਿੰਦੀ ਹੈ।

ਸਤਿਗੁਰ ਸੱਚੇ ਵੈਦ ਦੀ ਸਰਬ ਦੁਖ ਨਾਸ਼ਕ ਔਸ਼ਧੀ, ਦੁਖ-ਭੰਜਨ ਨਾਮ ਗੁਰ-ਮੰਤਰ ਅਤੇ ਪਾਰਸ ਕਲਾ

www.AKJ.Org

ਵਰਤਾਉਣ ਵਾਲੀ ਗੁਰਬਾਣੀ, ਅੱਖਾਂ ਦੇ ਅਨੇਕ ਰੋਗਾਂ–ਵਿਕਾਰ ਭਰੀ ਪਰਦ੍ਰਿਸ਼ਟ ਧੁੰਦ ਤੇ ਅਗਿਆਨਤਾ ਭਰੀ ਮੰਦੀ ਨਜ਼ਰ, ਕ੍ਰੋਧ-ਅਗਨਿ ਵਰਸਾਉਣ ਵਾਲੀ ਵਿਹੁਲੀ ਤਕਣੀ, ਕਠੋਰਤਾ ਭਰੀ ਕ੍ਰੂਰ ਦ੍ਰਿਸ਼ਟੀ, ਸੂਰਜ ਦੇ ਪ੍ਰਕਾਸ਼ ਤੋਂ ਸੱਖਣੀ ਉੱਲੂ-ਦ੍ਰਿਸ਼ਟੀ ਜਿਹੇ ਭਿਆਨਕ ਰੋਗਾਂ ਤੋਂ–ਛੁਟਕਾਰਾ ਦਿਵਾਉਂਦੀ ਹੈ।

ਸਤਿਗੁਰ ਦੇ ਉਪਦੇਸ਼ ਤੇ ਸਤਸੰਗਤਿ-ਚਾਟਸ਼ਾਲ ਤੋਂ ਬਿਬੇਕ ਬੁੱਧੀ ਪਰਚੰਡ ਹੁੰਦੀ ਹੈ ਤੇ ਸੁਭਾਗੇ ਜੀਵ ਨੂੰ ਸੋਝੀ ਆਉਂਦੀ ਹੈ ਕਿ ਗਿਆਨ ਮਾਰਗ ਤੇ ਚਲਿਆਂ, ਦ੍ਰਿਸ਼ਟੀ ਮਾਇਆ ਵਲੋਂ ਉਪਰਾਮ ਹੋ ਕੇ ਰੱਬੀ ਨੂਰ ਨਾਲ ਚਮਕਦੀ ਹੈ। ਹਜ਼ੂਰ ਦਾ ਪਾਵਨ ਹੁਕਮ ਹੈ ਕਿ ਆਪਣੇ ਮਨ ਤੋਂ ਬੁਰਾਈ ਮਿਟਾਉਣ ਦਾ ਇਹ ਫਲ ਮਿਲਦਾ ਹੈ ਕਿ ਸਗਲ ਬ੍ਰਹਮੰਡ ਆਪਣਾ ਸੱਜਣ ਮਿੱਤਰ ਜਾਂ ਨਿੱਜੀ ਪਰਵਾਰ ਦਿਸਣ ਲਗ ਪੈਂਦਾ ਹੈ–

ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥੬॥੩॥

(ਗਉੜੀ ਸੁਖਮਨੀ ਮ: ੫–੨੬੬)

ਇਹ ਸੰਸਾਰ ਜਿਹੜਾ ਜ਼ਹਿਰ ਨਾਲ ਭਰਿਆ ਪ੍ਰਤੀਤ ਹੁੰਦਾ ਸੀ, ਹੁਣ ਇਸ ਵਿਚੋਂ ਹਰੀ ਦੇ ਆਪਣੇ ਚਮਤਕਾਰੀ ਰੂਪ ਦੀ ਝਲਕ ਡਲ੍ਹਕਾਂ ਮਾਰਦੀ ਅਨੁਭਵ ਹੁੰਦੀ ਹੈ–

ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥

(ਅਨੰਦ ੯੨੨)

ਵਰਤਮਾਨ ਦਾ ਨਿੱਜੀ ਸੁੱਖ ਤਿਆਗ ਕੇ ਭਵਿੱਖ ਨੂੰ ਸੁੰਦਰ ਬਣਾਉਣ ਦਾ ਸੰਕਲਪ ਦੂਰ ਦ੍ਰਿਸ਼ਟੀ ਦਾ ਖ਼ਾਸ ਨਮੂਨਾ ਹੈ। ਅੱਖਾਂ ਦੀ ਮਲੀਨਤਾ, ਨਜ਼ਰ ਦੀ ਘਾਟ, ਅੰਧਰਾਤਾ, ਮਨ ਨੂੰ ਮੋਹਣ ਵਾਲੇ ਰੰਗ ਦਿਖਾਈ ਦੇਣੇ, ਆਦਿ ਰੋਗਾਂ ਦੀ ਨਵਿਰਤੀ ਲਈ ਅਤੇ ਦ੍ਰਿਸ਼ਟੀ ਵਿਚ ਗੁਣਾਤਮਕ ਸੁਧਾਰ ਲਿਆਉਣ ਲਈ ਗੁਰਦੇਵ ਜੀ ਨੇ ਅਨਮੋਲ ਸੁਰਮਾ ਤਿਆਰ ਕੀਤਾ ਹੈ। ਜਿਹੜਾ ਰੋਗੀ ਪ੍ਰੇਮ ਭਾਵਨਾ ਨਾਲ ਆਪਣੇ ਨੇਤਰਾਂ ਵਿਚ ਪਾਉਂਦਾ ਹੈ, ਉਸ ਦੇ ਨੇਤਰ ਪ੍ਰਭੂ ਦੇ ਦਰ ਪਰਵਾਨ ਹੁੰਦੇ ਹਨ–

ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥
ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥੨॥ (ਮਾਰੂ ਕਬੀਰ ਜੀਉ–੧੧੦੩)

ਇਸ ਸੁਰਮੇ ਦਾ ਇਹ ਕਮਾਲ ਹੈ ਕਿ ਕੇਵਲ ਅੱਖਾਂ ਹੀ ਨਹੀਂ, ਬਾਕੀ ਚਾਰ ਗਿਆਨ ਇੰਦਰਿਆਂ ਦਾ ਵੀ ਕਲਿਆਣ ਹੁੰਦਾ ਹੈ। ਪਾਵਨ ਹੁਕਮ ਹੈ–

ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ ॥
ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ ॥੨॥੭॥ (ਪ੍ਰਭਾਤੀ ਮ: ੧–੧੩੨੯)

ਸਾਕਤ ਪੁਰਸ਼ਾਂ ਦੀ ਰਸਾਈ ਕੇਵਲ ਦੁਨਿਆਵੀ ਰਸਾਂ ਕਸਾਂ ਦੀ ਗੰਧ ਤੱਕ ਮਹਿਦੂਦ ਹੁੰਦੀ ਹੈ। ਉਨ੍ਹਾਂ ਨੂੰ ਅਤੀ ਸੂਖਮ ਗੁਣ, ਨਾਮ, ਰਸ ਦੀ ਆਤਮਕ ਸੁਗੰਧੀ ਦੀ ਕਿਵੇਂ ਸਾਰ ਹੋਵੇ? ਵਾਸਤਵ ਵਿਚ ਉਨ੍ਹਾਂ ਨੂੰ ਨਾ ਹੀ ਪਰਖ, ਪਛਾਣ ਤੇ ਸੋਝੀ ਹੈ, ਨਾ ਹੀ ਕਦਰ ਕੀਮਤ। ਗੁਰਦੇਵ ਜੀ ਦੀ ਦ੍ਰਿਸ਼ਟੀ ਵਿਚ ਇਹ ਨਕਟੇ (ਨੱਕ ਕੱਟੇ), ਤ੍ਰਿਸਕਾਰੇ ਤੇ ਸੋਭਾ-ਹੀਨ ਜੀਵ ਬੇਮੁਹਾਰੇ ਭਟਕਦੇ ਫਿਰਦੇ ਹਨ–

–ਨਾਮ ਹੀਨ ਨਕਟੇ ਫਿਰਹਿ ਬਿਨੁ ਨਾਵੈ ਬਹਿ ਰੋਇ ॥੧੪॥ (੧੪੧੪)
–ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ ॥
ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ ॥੭॥੪॥

(ਕਲਿਆਨੁ ਮ: ੪–੧੩੨੫)

ਐਸੀ ਪਤਿਤ ਬਿਰਤੀ ਵਾਲੇ ਅਧਰਮੀ ਨੂੰ, ਜਿਹੜਾ ਹਰਿ ਜਸ ਦੀ ਮਹੱਤਤਾ ਤੋਂ ਅਣਜਾਣ ਹੈ,

www.AKJ.Org

ਸੁਧਾਰਨਾ ਏਨਾ ਕਠਨ ਹੈ, ਜਿੰਨਾ ਕਿਸੇ ਖੋਤੇ ਦੀ ਪ੍ਰਕ੍ਰਿਤੀ ਨੂੰ ਬਦਲਣਾ। ਹਜ਼ੂਰ ਦਾ ਫੁਰਮਾਨ ਹੈ—

ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥

ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥੧॥੧੪॥ (ਸਲੋਕ ਮਹਲਾ ੧—੭੯੦)

ਪਿੱਪਲ-ਪਲਾਸ ਦੀ ਉਦਾਹਰਣ ਦੇਂਦਿਆਂ ਚੌਥੇ ਨਾਨਕ ਜੀ ਰਾਮ-ਨਾਮ-ਸੁਗੰਧੀ ਦੀ ਮਹਿਮਾ ਉਜਾਗਰ ਕਰਦੇ ਹਨ— ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ ॥

ਸਭ ਨਰ ਮਹਿ ਪ੍ਰਾਨੀ ਊਤਮੁ ਹੋਵੈ ਰਾਮ ਨਾਮੈ ਬਾਸੁ ਬਸੀਜੈ ॥੪॥੪॥ (੧੩੨੫)

ਨਾਮ ਦੀ ਸੁਗੰਧੀ ਤੇ ਵਾਸ਼ਨਾ ਦੀ ਦੁਰਗੰਧੀ ਦੋਹਾਂ ਦਾ ਇਕ ਥਾਂ ਟਿਕਾਣਾ ਨਹੀਂ। ਜਿਸ ਹਿਰਦੇ ਵਿਚ ਰਾਮ ਨਾਮ ਦੀ ਸੁਗੰਧੀ ਵੱਸ ਜਾਂਦੀ ਹੈ, ਉਹ ਹਿਰਦਾ ਏਨਾ ਕੋਮਲ, ਪਵਿੱਤਰ ਤੇ ਨਿਰਮਲ ਬਣ ਜਾਂਦਾ ਹੈ ਕਿ ਉੱਥੇ ਦੁਰਗੰਧ ਦਾ ਵਸਣਾ ਔਖਾ ਹੋ ਜਾਂਦਾ ਹੈ। ਗੁਰਦੇਵ ਜੀ ਦਾ ਪਵਨ ਹੁਕਮ ਹੈ—

ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਤੇ ਜਨ ਊਤਮ ਜਨਕ ਜਨਾਕ ॥

ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਕ॥੩॥੪॥ [ਕਾਨੜਾ ਮ:੪—੧੨੯੫

ਅਰਥਾਤ, ਅੱਕ ਦੀ ਮੁਸ਼ਕ ਜਾਂ ਦੁਰਗੰਧ ਵਾਲੀ ਬਦਬੋ ਦਾ ਆਪਣੇ ਆਪ ਖ਼ਾਤਮਾ ਹੋ ਜਾਂਦਾ ਹੈ।

ਟ੍ਰੈਕਟ "ਅੰਮ੍ਰਿਤ ਕੀ ਹੈ ?" ਵਿਚ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਨਿੱਜੀ ਆਤਮਕ ਤਜਰਬੇ ਦੀ ਝਲਕ ਇਨ੍ਹਾਂ ਅੱਖਰਾਂ ਰਾਹੀਂ ਦੇਖੀ ਜਾ ਸਕਦੀ ਹੈ, "ਨਾਮ ਰਸ ਤੋਂ ਪ੍ਰਾਪਤ ਹੋਈ ਸੁਗੰਧ ਵੀ ਐਸੀ ਉੱਤਮ ਸੁਗੰਧ ਹੁੰਦੀ ਹੈ ਕਿ ਦੁਨੀਆ ਦੀ ਕੋਈ ਸੁਗੰਧ ਇਸ ਦਾ ਮੁਕਾਬਲਾ ਨਹੀਂ ਕਰ ਸਕਦੀ। ਦੁਨਿਆਵੀ ਕਸਤੂਰੀ ਬਾਵਨ ਚੰਦਨ ਤੋਂ ਵਧ ਕੇ ਸੁਗੰਧ ਨਾਮ ਅਭਿਆਸ ਵਿਚ ਪੈਦਾ ਹੋ ਜਾਂਦੀ ਹੈ ਕਿ ਦੁਰਗੰਧ ਸੜ੍ਹਿਹਾਨ, ਜਿਸ ਨੂੰ ਕਸਤੂਰੀ ਚੰਦਨ ਦੀ ਲਾਗ ਦੂਰ ਨਹੀਂ ਕਰ ਸਕਦੀ, ਨਾਮ ਅਭਿਆਸੀ ਲਈ ਸਭ ਦੁਰਗੰਧ ਸੁਗੰਧ ਵਿਚ ਬਦਲ ਜਾਂਦੀ ਹੈ।"

---

## ਪੁਰਾਤਨ ਸਿੰਘ ਭਾਈ ਉਜਾਗਰ ਸਿੰਘ ਜੀ ਦਿਆਲਪੁਰ ਪਰਲੋਕ ਸਿਧਾਰ ਗਏ

ਭਾਈ ਉਜਾਗਰ ਸਿੰਘ ਜੀ ਦਿਆਲਪੁਰ (ਸਮਰਾਲਾ) ਬੜੇ ਮਿਠ ਬੋਲੇ ਅਤੇ ਨਾਮ-ਬਾਣੀ ਦੀ ਕਮਾਈ ਕਰਨ ਵਾਲੇ ਗੁਰਸਿਖ ਸਨ। ਉਚਾ ਲੰਮਾ ਛੇ ਫੁਟ ਕੱਦ, ਦਰਸ਼ਨੀ ਚਿਹਰਾ, ਦੁਹਰੀ ਦਸਤਾਰ ਅਤੇ ਗਾਤਰੇ ਕਿਰਪਾਨ ਪਹਿਨਣ ਵਾਲੇ ਆਦਰਸ਼ਕ ਸਿੱਖੀ ਦਾ ਨਮੂਨਾ ਸਨ। ਗੁਰਸਿੱਖਾਂ ਨਾਲ ਬਹੁਤ ਪਿਆਰ ਕਰਦੇ ਅਤੇ ਜਫੀ ਵਿਚ ਲੈ ਕੇ ਖ਼ੂਬ ਨਾਮ-ਖੰਡਾ ਖੜਕਾਉਂਦੇ। ਜਵਾਨੀ ਵਿਚ ਬਰਮਾ-ਪੁਲਸ ਵਿਚ ਨੌਕਰੀ ਕਰਦੇ ਹੋਏ ਵੀ ਮਾਇਕ ਪਕੜ ਅਤੇ ਨਸ਼ਿਆਂ ਦੇ ਸੇਵਨ ਤੋਂ ਬਚੇ ਰਹੇ, ਜਿਸ ਕਰਕੇ ਉਨ੍ਹਾਂ ਦੇ ਸਾਥੀ ਤੇ ਅਫ਼ਸਰ ਵੀ ਉਨ੍ਹਾਂ ਨੂੰ "ਪੂੰਗੀ" (ਸੰਤ) ਆਖਦੇ ਸਨ। ਇਕੇਰਾਂ ਇਕ ਵਡੇ ਐਕਸੀਡੈਂਟ ਹੋ ਜਾਣ ਕਰਕੇ ਜਦ ਚੰਡੀਗੜ੍ਹ ਅਪਰੇਸ਼ਨ ਹੋ ਰਿਹਾ ਸੀ ਤਾਂ ਇਨ੍ਹਾਂ ਦਾ ਨਾਮ-ਅਭਿਆਸ ਜਾਰੀ ਸੀ। ਹੋਸ਼ ਪਰਤਣ ਤੇ ਡਾਕਟਰ ਪੁੱਛਦਾ ਹੈ, "ਜਬ ਮੈਂ ਅਪਰੇਸ਼ਨ ਕਰ ਰਹਾ ਥਾ ਤੋ ਆਪ ਕੁਛ ਕਹਿ ਰਹੇ ਥੇ, ਜੋ ਮੇਰੀ ਸਮਝ ਮੇਂ ਨਹੀਂ ਆਇਆ"। ਤਾਂ ਭਾਈ ਸਾਹਿਬ ਨੇ ਉੱਤਰ ਦਿੱਤਾ, "ਤੇਰੀ ਸਮਝ ਵਿਚ ਇਹ ਆ ਵੀ ਨਹੀਂ ਸਕਦਾ।" ਜਦ ਆਪ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਨਾਮ-ਖੰਡਾ ਖੜਕਾਂਦੇ ਤਾਂ ਉਸ ਦੀ ਗੂੰਜ ਅੱਧੇ ਪਿੰਡ ਵਿਚ ਸੁਣਾਈ ਦੇਂਦੀ। ਉਹ ਆਪਣੇ ਬੱਚਿਆਂ ਨੂੰ ਸਦਾ ਕਹਿੰਦੇ ਰਹਿੰਦੇ ਕਿ ਮੇਰੇ ਮਰੇ ਤੇ ਕੋਈ ਹਿੰਦੂ ਰੀਤੀ ਨਹੀਂ ਕਰਨੀ, ਗੁਰਮਤਿ ਰੀਤੀ ਵਿਚ ਹੀ ਸਭ ਕੁਝ ਕਰਨਾ। ਅੰਤ ਨਾਮ-ਬਾਣੀ ਦੀਆਂ ਨਿਰੰਤਰ ਕਮਾਈਆਂ ਕਰਦੇ ਹੋਏ ੯ ਜੂਨ ੧੯੯੩ ਨੂੰ ਗੁਰੂ-ਚਰਨਾਂ ਵਿਚ ਜਾ ਬਿਰਾਜੇ।

ਦਾਸਰਾ—ਕਿਰਪਾਲ ਸਿੰਘ ਮੱਲ ਮਾਜਰਾ (ਸਮਰਾਲਾ)

## ਭਾ: ਸਾ: ਭਾਈ ਰਣਧੀਰ ਸਿੰਘ ਨਿਤਨੇਮ ਉਤਸ਼ਾਹਤ ਸਕੀਮ

ਹਰ ਸਾਲ ਵਾਂਗ ਉਪਰੋਕਤ ਸਕੀਮ ਅਧੀਨ ਦਿਲੀ ਵਿਖੇ ਦੁਸਹਿਰੇ ਦੇ ਦਿਨਾਂ ਦੇ ਕੀਰਤਨ-ਸਮਾਗਮ ਵਿਚ ਸਕੂਲੀ ਅਤੇ ਕਾਲਜ ਦੇ ਅੰਮ੍ਰਿਤਧਾਰੀ ਬੱਚੇ ਬੱਚੀਆਂ ਦੀ ਪ੍ਰੀਖਿਆ ਹੋਵੇਗੀ। ਪ੍ਰੀਖਿਆ ਵਿਚ ਸ਼ਾਮਲ ਹੋਣ ਵਾਲੇ ਲੜੀਂਦੇ ਫ਼ਾਰਮ "ਸਕੱਤ੍ਰ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, 23-ਜੀ, ਸਰਾਭਾ ਨਗਰ, ਲੁਧਿਆਣਾ-141001" ਦੇ ਪਤੇ ਤੋਂ ਮੰਗਵਾ ਅਤੇ ਠੀਕ ਢੰਗ ਨਾਲ ਭਰ ਕੇ, ਉਸੇ ਪਤੇ ਤੇ 30 ਸਤੰਬਰ 1993 ਤਕ ਭੇਜ ਦੇਣ। ਖਾਲਸਾ ਜੀ ਦਾ ਸੇਵਕ—ਜਥੇਦਾਰ ਅਖੰਡ ਕੀਰਤਨੀ ਜਥਾ

www.AKJ.Org



www.AKJ.Org

# ਇਤਿਹਾਸ-ਮੁਖਤਾ ਦੀ ਲੋੜ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, ੧੬੨, ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

ਕੌਮਾਂ ਦੇ ਇਤਿਹਾਸ ਲਿਖੇ ਜਾਂਦੇ ਹਨ ਤੇ ਉਨ੍ਹਾਂ ਵਿਚ ਰਲੇ ਵੀ ਪਾਏ ਜਾਂਦੇ ਹਨ। ਜਿਹੜੇ ਲੋਕ ਜਾਣ ਬੁਝ ਕੇ ਕਿਸੇ ਕੌਮ ਦਾ ਇਤਿਹਾਸ ਵਿਗਾੜਨਾ ਚਾਹੁਣ, ਉਹ ਉਸ ਵਿਚ ਗਿਣ ਮਿੱਥ ਕੇ ਰਲਾ ਪਾਂਦੇ ਹਨ। ਪਰ ਕਈ ਵਾਰੀ ਨਿਪਟ ਸ਼ਰਧਾ ਕਰਕੇ ਹੀ ਐਸੀਆਂ ਗੱਲਾਂ ਲਿਖ ਦਿੱਤੀਆਂ ਜਾਂਦੀਆਂ ਹਨ, ਜੋ ਸਿਧਾਂਤਕ ਤੌਰ ਤੇ ਇਤਿਹਾਸਕ ਘਟਨਾਵਾਂ ਤੇ ਵਿਅਕਤੀਆਂ ਨਾਲ ਮੇਲ ਨਹੀਂ ਖਾਂਦੀਆਂ। ਲਿਖਾਰੀ ਕੋਈ ਘਟਨਾ ਕਿਸੇ ਹੋਰ ਥਾਂ ਕਿਸੇ ਖ਼ਾਸ ਹਾਲਤ ਵਿਚ ਵਾਪਰੀ ਪੜ੍ਹ ਲੈਂਦੇ ਹਨ ਤੇ ਉਹ ਉਸ ਨੂੰ ਆਪਣੇ ਨਾਇਕ ਨਾਲ ਜੋੜਨ ਲਈ ਏਧਰੋਂ ਉਧਰੋਂ ਕਈ ਅੰਗਲੀਆਂ ਸੰਗਲੀਆਂ ਘੜ ਲੈਂਦੇ ਹਨ। ਕਈ ਵਿਅਕਤੀ ਕਿਸੇ ਮਹਾਂ ਪੁਰਸ਼ ਦੀ ਵੱਧ ਰਹੀ ਪ੍ਰਸਿੱਧੀ ਨੂੰ ਸਹਿਣ ਨਹੀਂ ਕਰ ਸਕਦੇ ਤੇ ਦੋਖ-ਵੱਸ, ਕਿਸੇ ਲਿਖਾਰੀ ਪਾਸੋਂ ਮਾਇਆ ਦਾ ਲਾਲਚ ਦੇ ਕੇ, ਅਜਿਹੀਆਂ ਗੱਲਾਂ ਲਿਖਵਾ ਲੈਂਦੇ ਹਨ, ਜਿਨ੍ਹਾਂ ਨਾਲ ਨਾਇਕ ਦੀ ਨਿਖੇਧੀ ਹੋ ਸਕੇ। ਸਮੁੱਚੇ ਸੰਸਾਰ ਦੇ ਇਤਿਹਾਸ ਵਿਚ ਅਜਿਹੀਆਂ ਘਟਨਾਵਾਂ ਮਿਲ ਜਾਂਦੀਆਂ ਹਨ, ਜਿਹੜੀਆਂ ਸੁਆਰਥੀ ਲੋਕਾਂ ਨੇ ਆਪਣੀਆਂ ਕੋਸ਼ਿਸ਼ਾਂ ਦੁਆਰਾ ਸ਼ਾਮਲ ਕਰਵਾਈਆਂ ਹੁੰਦੀਆਂ ਹਨ। ਇਸੇ ਤਰ੍ਹਾਂ ਹੀ ਸਿੱਖ ਇਤਿਹਾਸ ਵਿਚ ਵੀ ਕਈ ਗੱਲਾਂ ਸਿਧਾਂਤਕ ਪੱਖ ਤੋਂ ਐਨ ਉਲਟ ਕਲਮ-ਬੰਦ ਕੀਤੀਆਂ ਗਈਆਂ ਹਨ, ਜਿਨ੍ਹਾਂ ਵੱਲ ਧਿਆਨ ਦੇਣ ਦੀ ਆਵਸ਼ਕਤਾ ਹੈ।

ਪੰਜਾਬ ਦੇ ੧੪੬੯ ਤੋਂ ੧੭੦੮ ਤੱਕ ਦੇ ਇਤਿਹਾਸ ਨੂੰ "ਗੁਰੂ-ਇਤਿਹਾਸ" ਕਹਿਣਾ ਉਚਿਤ ਹੀ ਹੈ। ਇਸ ਸਮੇਂ ਵਿਚ ਗੁਰੂ ਸਾਹਿਬਾਨ ਨੇ ਸਿੱਖ ਧਰਮ ਦਾ ਵਿਕਾਸ ਕੀਤਾ ਤੇ ਉਸ ਦੀ ਨਿਵੇਕਲੀ ਰੂਪ-ਰੇਖਾ ਤਿਆਰ ਕੀਤੀ। ਪਰ "ਗੁਰੂ-ਕਾਲ" ਦੇ ਇਤਿਹਾਸ ਵਿਚ ਬਹੁਤ ਹੀ ਕਲਪਤ ਕਥਾਵਾਂ ਰਲੀਆਂ ਹੋਈਆਂ ਹਨ। "ਗੁਰੂ-ਕਾਲ" ਉਹ ਸਮਾਂ ਸੀ ਜਦੋਂ ਮੁਸਲਮਾਨ ਹਾਕਮ ਸ਼੍ਰੇਣੀ ਧਾਰਮਿਕ ਕੱਟੜਤਾ ਦੀ ਨੀਤੀ ਅਧੀਨ ਗੈਰ-ਮੁਸਲਮਾਨਾਂ ਉਤੇ ਜ਼ੁਲਮ ਕਰਦੀ ਰਹੀ। ਮੁਸਲਮਾਨ ਇਤਿਹਾਸਕਾਰਾਂ ਨੇ ਸਿੱਖ ਗੁਰੂ ਸਾਹਿਬਾਨ ਬਾਰੇ ਲਿਖਣ ਵੱਲ ਜਾਂ ਤਾਂ ਬਹੁਤ ਧਿਆਨ ਹੀ ਨਾ ਦਿਤਾ ਤੇ ਜੇ ਦਿੱਤਾ ਵੀ ਤਾਂ ਪੱਖ-ਪਾਤ ਦੀ ਐਨਕ ਲਗਾ ਕੇ ਲਿਖਿਆ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਸਿੱਖਾਂ ਵਿਚ ਰਾਜਨੀਤਕ ਚੇਤਨਤਾ ਪੈਦਾ ਹੋ ਗਈ ਤੇ ਸਿੱਖਾਂ ਨੇ ਜਾਬਰ ਹਾਕਮਾਂ ਦੇ ਅਤਿਆਚਾਰਾਂ ਵਿਰੁੱਧ ਵਿਦਰੋਹ ਕੀਤਾ। ਮੁਸਲਮਾਨ ਇਤਿਹਾਸਕਾਰਾਂ ਨੇ ਸਿੱਖਾਂ ਦੇ ਇਸ ਸੰਘਰਸ਼ ਨੂੰ ਇਸਲਾਮ ਵਿਰੁੱਧ ਸਮਝਦਿਆਂ ਹੋਇਆਂ ਨਿਰਪੱਖਤਾ ਵਾਲਾ ਪੱਲਾ ਛੱਡ ਕੇ ਪੱਖ-ਪਾਤੀ ਦ੍ਰਿਸ਼ਟੀਕੋਣ ਤੋਂ ਘਟਨਾਵਾਂ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ। ਮਿਸਾਲ ਦੇ ਤੌਰ ਤੇ ਜੇ "ਤੁਜ਼ਕਿ ਜਹਾਂਗੀਰੀ" ਵਿਚਲੀ ਗੁਆਹੀ ਮੌਜੂਦ ਨਾ ਹੋਵੇ, ਜਿਸ ਵਿਚ ਜਹਾਂਗੀਰ ਨੇ ਆਪ ਗੋਇੰਦਵਾਲ ਦੀ ਧਾਰਾ ਤੇ ਗੁਰੂ ਅਰਜਨ ਜੀ ਬਾਰੇ ਲਿਖਿਆ ਹੈ, ਤਾਂ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਕਾਰਨ ਕੇਵਲ ਘਰੋਗੀ ਤੇ ਚੰਦੂ ਦੀ ਦੁਸ਼ਮਣੀ ਹੀ ਕਿਹਾ ਜਾਂਦਾ ਰਿਹਾ ਹੈ ਤੇ ਸ਼ਹੀਦੀ ਦਾ ਮੂਲ ਅਸਲੋਂ ਹੀ ਘਟਾ ਕੇ ਦਸਿਆ ਜਾਂਦਾ ਰਿਹਾ ਹੈ।

ਸਿੱਖ ਧਰਮ ਇਕ ਅਜਿਹੀ ਲਹਿਰ ਸੀ, ਜਿਸ ਦਾ ਉਦੇਸ਼ ਗ਼ਲਤ ਸਮਾਜਿਕ ਕੀਮਤਾਂ ਨੂੰ ਠੀਕ ਕਰ ਕੇ ਸਮਾਜ ਵਿਚ ਨਵਾਂ ਉਤਸ਼ਾਹ ਪੈਦਾ ਕਰਨਾ ਸੀ। ਇਸ ਮਨੋਰਥ ਦੀ ਪ੍ਰਾਪਤੀ ਲਈ ਸਾਰੇ ਗੁਰੂ ਸਾਹਿਬਾਨ ਨੇ ਜ਼ਾਤ-ਪਾਤ ਦੀ ਪ੍ਰਥਾ, ਬੁੱਤ ਪੂਜਾ ਅਤੇ ਫ਼ਜ਼ੂਲ ਰਸਮਾਂ ਰਿਵਾਜਾਂ ਤੇ ਕਰੜੀ ਟੀਕਾ ਟਿਪਣੀ ਕੀਤੀ। ਸਿੱਟੇ ਵਜੋਂ ਹਿੰਦੂ ਪੁਜਾਰੀ ਸ਼੍ਰੇਣੀ ਨੂੰ ਇਹ ਗੱਲਾਂ ਨਾ ਭਾਈਆਂ ਤੇ ਉਹ ਵੀ ਸਿੱਖ ਗੁਰੂਆਂ ਦਾ ਵਿਰੋਧ ਕਰਨ ਲਗੇ। ਜਿਥੋਂ ਤਕ ਉਹਨਾਂ ਦਾ ਵੱਸ ਚਲਿਆ, ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਜਾਣ ਬੁਝ ਕੇ ਗ਼ਲਤ ਢੰਗ ਨਾਲ ਲਿਖਿਆ ਤੇ ਲਿਖਵਾਇਆ। ਸਿੱਖ ਧਰਮ ਨਾਲ ਈਰਖਾ ਰੱਖਣ ਵਾਲੇ ਲੋਕਾਂ ਨੇ ਸਿੱਖ ਗੁਰੂਆਂ ਸੰਬੰਧੀ ਵੱਡ-ਮੁੱਲੀਆਂ ਇਤਿਹਾਸਕ ਸਚਾਈਆਂ ਨੂੰ ਲੁਕਾਉਣ ਦਾ ਯਤਨ ਕੀਤਾ। (History of the Punjab, Page-15)

ਕਬੀਰ-ਪੰਥੀਆਂ ਤੇ ਹੰਦਾਲੀਆਂ ਨੇ ਜਨਮ ਸਾਖੀ ਵਿਚ ਅਜਿਹੀਆਂ ਘਟਨਾਵਾਂ ਜਾਣ ਬੁਝ ਕੇ ਮਿਲਾ

www.AKJ.Org



www.AKJ.Org

ਦਿਤੀਆਂ, ਜਿਨ੍ਹਾਂ ਨਾਲ ਜਨਮ ਸਾਖੀ ਦੀ ਇਤਿਹਾਸਕ ਮਹੱਤਤਾ ਨੂੰ ਸੱਟ ਵਜੀ। ਸ: ਖਜ਼ਾਨ ਸਿੰਘ ਲਿਖਦਾ ਹੈ–

"ਹੰਦਾਲੀਆਂ ਨੇ ਅਸਲੀ ਜਨਮ ਸਾਖੀ ਪਾੜ ਕੇ ਦਰਿਆ ਵਿਚ ਸੁੱਟ ਦਿਤੀ ਤੇ ਫੇਰ ਅਜਿਹੀ ਜਨਮ ਸਾਖੀ ਲਿਖੀ ਜਿਸ ਤੋਂ ਕੇਵਲ ਹੰਦਾਲ ਦੀ ਵਡਿਆਈ ਪ੍ਰਗਟ ਹੁੰਦੀ ਸੀ। ਗੁਰੂ ਰਾਮਦਾਸ ਜੀ ਤੋਂ ਪਿਛੋਂ ਸਤਿਗੁਰਾਂ ਦੇ ਕੁਝ ਨਜ਼ਦੀਕੀ ਰਿਸ਼ਤੇਦਾਰਾਂ ਨੇ ਗੱਦੀ-ਪ੍ਰਾਪਤੀ ਲਈ ਝਗੜੇ ਖੜੇ ਕੀਤੇ। ਪ੍ਰਿਥੀ ਚੰਦ ਨੇ ਗੁਰੂ ਅਰਜਨ ਦੇਵ ਜੀ ਤੋਂ ਗੁਰ-ਗੱਦੀ ਖੋਹਣ ਦੇ ਕਮੀਨੇ ਯਤਨ ਕੀਤੇ। ਰਾਮ ਰਾਏ ਨੇ ਗੁਰੂ ਹਰਿ ਰਾਏ ਜੀ ਵਿਰੁੱਧ ਝਗੜਾ ਕੀਤਾ। ਧੀਰ ਮਲ ਨੇ ਗੁਰੂ ਤੇਗ ਬਹਾਦਰ ਸਾਹਿਬ ਉਤੇ ਸ਼ੀਂਹੇ ਮਸੰਦ ਪਾਸੋਂ ਗੋਲੀ ਵੀ ਚਲਵਾਈ। ਵਿਰੋਧੀ ਧਿਰ ਗੁਰੂ ਸਾਹਿਬਾਨ ਦੇ ਗੁਣਾਂ ਨੂੰ ਦਬਾਉਣ ਦਾ ਜਾਂ ਗ਼ਲਤ ਢੰਗ ਨਾਲ ਪੇਸ਼ ਕਰਨ ਦਾ ਯਤਨ ਕਰਦੀ ਰਹੀ। ਫਲ-ਸਰੂਪ ਗੁਰੂ ਸਾਹਿਬਾਨ ਦੇ ਸੰਬੰਧ ਵਿਚ ਕਈ ਇਤਿਹਾਸਕਾਰਾਂ ਨੂੰ ਕਈ ਘਟਨਾਵਾਂ ਠੀਕ ਪ੍ਰਾਪਤ ਨਾ ਹੋ ਸਕੀਆਂ ਜਾਂ ਉਹਨਾਂ ਨੂੰ ਟਪਲਾ ਲਗਦਾ ਰਿਹਾ। ਔਰੰਗਜ਼ੇਬ ਨੇ ਸਰਕਾਰੀ ਤੌਰ ਤੇ ਇਤਿਹਾਸ ਲਿਖਣ ਦੀ ਮਨਾਹੀ ਕਰ ਰਖੀ ਸੀ। ਉਸ ਸਮੇਂ ਦੀਆਂ ਜੋ ਘਟਨਾਵਾਂ ਲਿਖਤੀ ਰੂਪ ਵਿਚ ਮਿਲੀਆਂ, ਉਹ ਲਿਖਾਰੀਆਂ ਨੇ ਲੁਕ ਛਿਪ ਕੇ ਲਿਖੀਆਂ ਸਨ, ਜੋ ਔਰੰਗਜ਼ੇਬ ਦੀ ਮੌਤ ਪਿਛੋਂ ਪ੍ਰਗਟ ਹੋਈਆਂ। ਇਸ ਸਮੇਂ ਵਿਚ ਇਤਿਹਾਸ ਲਿਖਿਆ ਤਾਂ ਗਿਆ, ਪਰ ਉਸ ਵਿਚੋਂ ਅਸਲੀ ਤੇ ਨਕਲੀ ਘਟਨਾਵਾਂ ਨੂੰ ਨਿਖੇੜਨ ਦੀ ਲੋੜ ਹੈ।

ਸਿੱਖ ਇਤਿਹਾਸ ਦੇ ਕੁਝ ਸੋਮੇ ਹੇਠ ਲਿਖੇ ਹਨ, ਜਿਨ੍ਹਾਂ ਦੇ ਆਧਾਰ ਤੇ ਸਿੱਖ ਇਤਿਹਾਸ ਸਿਰਜਿਆ ਗਿਆ– ਆਦਿ ਗ੍ਰੰਥ ਤੇ ਦਸਮ ਗ੍ਰੰਥ, ਬਚਿਤਰ ਨਾਟਕ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਗੁਰ ਸੋਭਾ (ਸੈਨਾਪਤ), ਜਨਮ-ਸਾਖੀਆਂ, ਗਿਆਨ ਰਤਨਾਵਲੀ (ਭਾਈ ਮਨੀ ਸਿੰਘ), ਪ੍ਰਾਚੀਨ ਪੰਥ ਪ੍ਰਕਾਸ਼ (ਭਾ: ਰਤਨ ਸਿੰਘ), ਬੰਸਾਵਲੀ ਨਾਮਾ (ਭਾਈ ਕੇਸਰ ਸਿੰਘ), ਸੂਰਜ ਪ੍ਰਕਾਸ਼ (ਭਾਈ ਸੰਤੋਖ ਸਿੰਘ); ਤੁਜ਼ਕਿ-ਬਾਬਰੀ ਤੇ ਤੁਜ਼ਕਿ-ਜਹਾਂਗੀਰੀ ਦਬਿਸਤਾਨ-ਏ-ਮਜ਼ਾਹਬ (ਮੁਹਸਨ ਫ਼ਾਨੀ), ਮੁਨਤਖ਼ਿਬ-ਉਲ-ਲਬਾਬ (ਖ਼ਾਫ਼ੀ ਖ਼ਾਂ), ਜੰਗ-ਨਾਮਾ (ਕਾਜ਼ੀ ਨੂਰ ਮੁਹੰਮਦ), ਤਵਾਰੀਖ਼ ਪੰਜਾਬ, (ਬੂਟੇ ਸ਼ਾਹ), ਤਵਾਰੀਖ਼-ਏ-ਸਿੱਖਾਂ (ਖੁਸ਼ਵੰਤ ਰਾਏ)। History of the origin & Progress of the Sikhs (Major James Brown), Sketch of the Sikhs (Malcom) ਆਦਿ।

ਪਰ ਸਿੱਖ ਇਤਿਹਾਸ ਲਿਖਣ ਵਾਲਿਆਂ ਇਨ੍ਹਾਂ ਲਿਖਾਰੀਆਂ ਨੇ ਕਈ ਗੱਲਾਂ ਅਜਿਹੀਆਂ ਲਿਖ ਮਾਰੀਆਂ, ਜਿਹੜੀਆਂ ਲਾਭ ਦੀ ਥਾਂ ਉਲਟਾ ਹਾਨੀ ਪੁਚਾ ਰਹੀਆਂ ਹਨ। ਕਈ ਥਾਵਾਂ ਤੇ ਸਮਾਜਕ ਨੀਤੀਆਂ ਤੇ ਧਾਰਮਿਕ ਵਿਸ਼ਿਆਂ ਨੂੰ ਰਲ-ਗੱਡ ਕਰ ਦਿੱਤਾ ਗਿਆ ਹੈ, ਤੇ ਇਸ ਤਰ੍ਹਾਂ ਨਾਲ ਉਹ ਗੁਰਮਤਿ ਨਾਲ ਮੇਲ ਨਹੀਂ ਖਾਂਦੇ।

ਇਸ ਨਾਲ ਆਮ ਪਾਠਕ ਅਜਿਹੇ ਮੌਕਿਆਂ ਤੋਂ ਗਲਤ-ਫ਼ਹਿਮੀ ਦਾ ਸ਼ਿਕਾਰ ਹੋ ਜਾਂਦਾ ਹੈ। ਸਿੱਖ ਧਰਮ ਤੇ ਸਿੱਖ ਇਤਿਹਾਸ ਬਾਰੇ ਲਿਖੀਆਂ ਪੁਸਤਕਾਂ ਦੀ ਅਸਲ ਕਸੌਟੀ ਗੁਰਬਾਣੀ ਹੈ। ਜਿਹੜੀ ਗੱਲ ਗੁਰਬਾਣੀ ਦੇ ਆਸ਼ੇ ਅਨੁਸਾਰ ਹੈ, ਉਹ ਠੀਕ ਹੈ ਤੇ ਜੋ ਗੁਰਬਾਣੀ ਸਿਧਾਂਤ ਦੇ ਉਲਟ ਹੈ; ਉਹ ਗ਼ਲਤ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ–

"ਸਾਡੇ ਮੱਤ ਦੇ ਪੁਰਾਣੇ ਅਤੇ ਨਵੇਂ ਲੇਖਕਾਂ ਨੇ ਆਪਣੀ ਆਪਣੀ ਬੁੱਧੀ ਅਤੇ ਨਿਸ਼ਚਯ ਅਨੁਸਾਰ, ਇਤਿਹਾਸ, ਰਹਿਤਨਾਮੇ ਅਤੇ ਸੰਸਕਾਰ-ਵਿਧੀ ਆਦਿਕ ਅਨੇਕ ਪੁਸਤਕ ਰਚੇ ਹਨ, ਜਿਨ੍ਹਾਂ ਤੋਂ ਸਾਨੂੰ ਬੇਅੰਤ ਲਾਭ ਅਤੇ ਹਾਨੀ ਹੋ ਰਹੀ ਹੈ। ਅਰਥਾਤ, ਗੁਰਮਤ ਅਨੁਸਾਰ ਵਾਕ ਲਾਭ ਅਤੇ ਗੁਰਮਤ ਵਿਰੁਧ ਹਾਨੀ ਦਾ ਕਾਰਣ ਬਣ ਰਹੇ ਹਨ। ਇਨ੍ਹਾਂ ਗ੍ਰੰਥਾਂ ਦੀ ਡੂੰਘੀ ਖੋਜ ਤੋਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਮੱਤ ਦੇ ਕਵੀਆਂ ਨੇ ਅਨਯਮਤੀ ਗ੍ਰੰਥ-ਕਾਰਾਂ ਦੀ ਨਕਲ ਕਰਦੇ ਹੋਏ ਭਾਰੀ ਭੁਲ ਕੀਤੀ ਹੈ। ਬਿਨਾ ਛਾਣ-ਬੀਨ ਕੀਤੇ ਅਨੇਕ ਪ੍ਰਸੰਗ ਐਸੇ ਲਿਖੇ ਹਨ, ਜੋ ਮੂਲੋਂ ਨਿਰਮੂਲ ਅਥਵਾ ਗੁਰਮਤ ਤੋਂ ਦੂਰ ਲੈ ਜਾਣ ਵਾਲੇ ਹਨ। ...ਜਦ ਅਸੀਂ ਆਪਣੇ ਮੱਤ ਦੇ ਪੁਸਤਕਾਂ ਵਿਚ ਵਿਰੋਧ ਦੇਖਦੇ ਹਾਂ ਤਾਂ ਮਨ ਭ੍ਰਮ-ਚੱਕ੍ਰ ਵਿਚ ਪੈ ਜਾਂਦਾ ਹੈ ਅਤੇ ਸਾਨੂੰ ਇਹ ਨਿਰਣਾ ਕਰਨਾ ਔਖਾ ਹੋਂਦਾ ਹੈ ਕਿ ਗੁਰਮਤ ਦਾ ਸੱਚਾ ਉਪਦੇਸ਼ਕ ਕਿਹੜਾ ਪੁਸਤਕ ਹੈ, ਪਰ ਜਦੋਂ ਅਸੀਂ... ਸਤਿਗੁਰਾਂ ਦੀ ਸ੍ਰੀ ਮੁਖਵਾਕ ਬਾਣੀ ਦੀ ਕਸੌਟੀ ਨਾਲ ਸਭ ਸਿਖ ਮੱਤ ਦੇ ਪੁਸਤਕਾਂ ਦੀ ਪਰੀਖਿਆ ਕਰ ਕੇ, ਗੁਰਬਾਣੀ ਦੇ ਨਿਯਮਾਂ ਤੋਂ ਵਿਰੁੱਧ

www.AKJ.Org

www.AKJ.Org

ਵਚਨਾਂ ਦਾ ਤਯਾਗ ਅਤੇ ਅਨੁਕੂਲ ਵਚਨਾਂ ਦਾ ਗ੍ਰਹਿਣ ਕਰਦੇ ਹਾਂ, ਤਾਂ ਸਾਰੀਆਂ ਕਠਿਨਾਈਆਂ ਛਿਨ ਵਿਚ ਮਿਟ ਜਾਂਦੀਆਂ ਹਨ ਅਤੇ ਅਸੀਂ ਗੁਰਮਤ ਦਾ ਸਿੱਧਾ ਰਸਤਾ ਲਭ ਲੈਂਦੇ ਹਾਂ।" [ਗੁਰਮਤ ਮਾਰਤੰਡ, ਭੂਮਿਕਾ, ਪੰਨਾ ੳ, ਅ

ਆਸਾ ਦੀ ਵਾਰ ਵਿਚ ਇਸਤ੍ਰੀ ਬਾਰੇ ਸ੍ਰੀ ਗੁਰੂ ਨਾਨਕ ਜੀ ਦਾ ਫੁਰਮਾਨ ਹੈ—

ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ ॥ (ਪੰਨਾ ੪੭੩)

ਭਾਈ ਗੁਰਦਾਸ ਜੀ ਨੇ ਪੰਜਵੀਂ ਵਾਰ ਵਿਚ ਲਿਖਿਆ ਹੈ—

ਲੋਕ ਵੇਦ ਗੁਣੁ ਗਿਆਨ ਵਿਚਿ, ਅਰਧ ਸਰੀਰੀ ਮੋਖ ਦੁਆਰੀ ॥
ਗੁਰਮੁਖਿ ਸੁਖ ਫਲ ਨਿਹਚਉ ਨਾਰੀ ॥੧੬॥

ਇਨ੍ਹਾਂ ਦੋਹਾਂ ਪ੍ਰਮਾਣਾਂ ਦੇ ਹੁੰਦਿਆਂ ਜੇ ਅਜਿਹੀਆਂ ਲਿਖਤਾਂ ਗੁਰੂ ਸਾਹਿਬਾਨ ਨਾਲ ਜੋੜ ਦਿੱਤੀਆਂ ਗਈਆਂ ਹਨ; ਜਿਨ੍ਹਾਂ ਵਿਚ ਇਸਤ੍ਰੀ-ਤ੍ਰਿਸਕਾਰ ਦਾ ਵਰਣਨ ਹੈ ਤਾਂ ਇਹ ਸਾਡੀ ਅਲਪਗਤਾ ਹੈ ਜਾਂ ਜਾਣ ਬੁਝ ਕੇ ਕੀਤੀ ਗਈ ਸ਼ਰਾਰਤ। ਭਾਈ ਭਗਵਾਨ ਸਿੰਘ ਰਹਿਤਨਾਮੀਆ, ਰਚਿਤ ਪੁਸਤਕ 'ਵਿਮਲ ਬਿਬੇਕ ਵਾਰਿਧਿ' ਵਿਚ ਲਿਖਿਆ ਮਿਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਨੰਦ ਲਾਲ ਨੂੰ ਕਿਹਾ—

ਭਾਈ। ਇਸਤ੍ਰੀ ਜਾਮੇ ਕਾ ਵਿਸ਼ਵਾਸ ਨਹੀਂ ਕਰਨਾ, ਅੰਦਰ ਕਾ ਹਾਲ ਇਸਤ੍ਰੀ ਨੂੰ ਨਹੀਂ ਦੇਣਾ।"
(ਗੁਰਮਤ ਮਾਰਤੰਡ, ਭੂਮਿਕਾ, ਪੰਨਾ ਹ)

ਗੁਰੂ ਗ੍ਰੰਥ ਸਾਹਿਬ ਵਿਚ ਕਈ ਥਾਵੀਂ 'ਸੀਤਲਾ' ਦੇ ਸੰਬੰਧ ਵਿਚ ਸ਼ਬਦ ਉਚਾਰੇ ਮਿਲਦੇ ਹਨ, ਜਿਵੇਂ ਕਿ—

(੧) ਨੇਤ੍ਰ ਪਰਗਾਸੁ ਕੀਆ ਗੁਰਦੇਵ ॥ ਭਰਮ ਗਏ ਪੂਰਨ ਭਈ ਸੇਵ ॥੧॥ਰਹਾਉ॥
ਸੀਤਲਾ ਤੇ ਰਖਿਆ ਬਿਹਾਰੀ ॥ ਪਾਰਬ੍ਰਹਮ ਪ੍ਰਭ ਕਿਰਪਾ ਧਾਰੀ ॥੧॥੧੦੩॥ (ਪੰਨਾ ੨੦੦)

(੨) ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥
ਸੀਤਲਾ ਠਾਕਿ ਰਹਾਈ ॥ ਬਿਘਨ ਗਏ ਹਰਿ ਨਾਈ ॥੧॥੭੫॥ (ਪੰਨਾ ੬੨੭)

ਸਾਫ਼ ਹੈ ਕਿ ਗੁਰੂ ਅਰਜਨ ਸਾਹਿਬ ਸੀਤਲਾ ਪੂਜਣ ਵਿਚ ਬਿਲਕੁਲ ਵਿਸ਼ਵਾਸ ਨਹੀਂ ਸਨ ਰੱਖਦੇ, ਸਗੋਂ ਉਹ ਤਾਂ ਗੁਰੂ ਨਾਨਕ ਸਾਹਿਬ ਦੇ ਬਚਨਾਂ ਨਾਲ ਸਹਿਮਤ ਸਨ ਕਿ—

ਦੁਬਿਧਾ ਨ ਪੜਉ, ਹਰਿ ਬਿਨੁ ਹੋਰੁ ਨ ਪੂਜਉ, ਮੜੈ ਮਸਾਣਿ ਨ ਜਾਈ ॥੧॥੧॥ (ਪੰਨਾ ੬੩੪)

ਪਰ ਛੇਵੀਂ ਪਾਤਸ਼ਾਹੀ ਦੇ ਗੁਰ ਬਿਲਾਸ ਦੇ ਦੂਸਰੇ ਅਧਯਾਯ ਵਿਚ ਲਿਖਿਆ ਹੋਇਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਜਦੋਂ ਚੇਚਕ ਨਿਕਲੀ ਤਾਂ 'ਦੁਰਗਾ ਪੂਜਨ' ਕੀਤਾ ਗਿਆ।

ਭਾਈ ਸੰਤੋਖ ਸਿੰਘ ਜੀ ਨੇ ਵੀ ਇਸੇ ਗੱਲ ਦੀ ਪੁਸ਼ਟੀ 'ਗੁਰ ਪ੍ਰਤਾਪ ਸੂਰਜ' ਵਿਚ ਕਈ ਥਾਈਂ ਕੀਤੀ ਹੈ।

ਇਸੇ ਤਰ੍ਹਾਂ 'ਨਾਨਕ ਪ੍ਰਕਾਸ਼' ਵਿਚ ਦਰਜ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਮਰੇ ਹੋਏ ਪਿਤਰਾਂ ਦਾ ਸਰਾਧ ਕੀਤਾ। ਪਰ ਗੁਰੂ ਨਾਨਕ ਸਾਹਿਬ ਨੇ ਆਪਣੀ ਉਚਾਰੀ ਬਾਣੀ ਵਿਚ ਸਰਾਧ ਕਰਨ ਦਾ ਖੰਡਨ ਕੀਤਾ ਹੈ—

ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥੧॥ (ਪੰਨਾ ੧੩੮)
ਇਕ ਲੋਕੀ ਹੋਰੁ ਛਮਿਛਰੀ, ਬ੍ਰਾਹਮਣੁ ਵਟਿ ਪਿੰਡੁ ਖਾਇ ॥
ਨਾਨਕ ਪਿੰਡੁ ਬਖਸੀਸ ਕਾ, ਕਬਹੂੰ ਨਿਖੁਟਸਿ ਨਾਹਿ ॥੪॥੨॥੩੨॥ (ਪੰਨਾ ੩੫੮)

ਖਾਲਸਾ ਪੰਥ ਸਾਜਣ ਦਾ ਮਨੋਰਥ ਗੁਰੂ ਕਲਗੀਧਰ (ਪਾਤਸ਼ਾਹ) ਨੇ ਆਪ 'ਬਚਿਤ੍ਰ ਨਾਟਕ' ਵਿਚ 'ਅਕਾਲ ਪੁਰਖ ਬਾਚ' ਵਿਚ ਲਿਖਿਆ ਹੈ—

ਮੈ ਅਪਨਾ ਸੁਤ ਤੋਹਿ ਨਿਵਾਜਾ ॥ ਪੰਥੁ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾਂ ਤੈ ਧਰਮੁ ਚਲਾਇ ॥ ਕਬੁਧਿ ਕਰਨ ਤੇ ਲੋਕ ਹਟਾਇ ॥੨੯॥ [ਧਿਆਇ ੬

ਪਰ ਅਫਸੋਸ ਦੀ ਗੱਲ ਹੈ ਕਿ ਪੰਡਿਤ ਤਾਰਾ ਸਿੰਘ ਜੀ ਨੇ 'ਗੁਰਮਤ ਨਿਰਣਯ ਸਾਗਰ' ਵਿਚ ਖਾਲਸਾ

www.AKJ.Org


www.AKJ.Org

ਸਾਜਣ ਦਾ ਮਨੋਰਥ ਗਊ ਬ੍ਰਾਹਮਣ ਦੀ ਰਛਿਆ ਤੇ ਮਲੇਛਾਂ (ਮੁਸਲਮਾਨਾਂ) ਦਾ ਨਾਸ ਕਰਨਾ ਦੱਸਿਆ ਹੈ ਤੇ ਸਿੱਘਾਂ ਨੂੰ ਦੁਰਗਾ ਦੀ ਪੂਜਾ ਕਰਨ ਦਾ ਮਸ਼ਵਰਾ ਦਿੱਤਾ ਹੈ–

ਗੋ ਬ੍ਰਾਹਮਣ ਹਿਤ ਰਛਿਆ, ਨਾਸ ਮਲੇਛਨ ਹੇਤ ॥
ਸਿੰਘ ਵੇਸ ਪਰਿਵਿਰਤਿਓ ਪੂਜ ਦੁਰਗ ਅਸਕੇਤੁ ॥

ਜ਼ਾਤ-ਪਾਤ ਦੇ ਪੱਖੀਆਂ ਨੇ ਸਿੱਖੀ ਦੇ ਬੁਨਿਆਦੀ ਅਸੂਲਾਂ ਉਤੇ ਵੀ ਕਰੜੀ ਸੱਟ ਮਾਰੀ ਹੈ। ਪੰਡਿਤ ਤਾਰਾ ਸਿੰਘ ਨੇ ਹੀ 'ਗੁਰਮਤ ਨਿਰਣਯ ਸਾਗਰ' ਵਿਚ ਲਿਖਿਆ ਹੈ–

"ਦੀਖਯਾ ਕਾਲ ਮੇਂ ਏਕ ਜਗ੍ਹਾ ਭੋਜਨ ਕਰਨੇ ਸੇ ਜਾਤਿ ਨਾਸ ਨਹੀਂ ਹੋਤੀ, ਬ੍ਰਾਹਮਣ, ਖੱਤ੍ਰੀ, ਬੈਸ਼ਯ ਸਿੱਖਨ ਕੀ ਜਾਤੀ ਵੋਹੀ ਰਹੇ ਹੈ, ਔ ਪੁਤ੍ਰ ਪੁੱਤ੍ਰੀ ਵਿਵਾਹਨਾ ਜਾਤਿ ਮੇਂ ਰਹੇ ਹੈਂ, ਤੈਸੇ ਜਨੇਊ ਆਦਿਕ ਚਿੰਨ੍ਹ ਭੀ ਰਹੇ, ਸਿੱਖੀ ਮੇਂ ਜੈਸੇ ਜਾਤਿ ਨਹੀਂ ਰੋਕੀ, ਤੈਸੇ ਜਨੇਊ, ਤਿਲਕ, ਮਾਲਾ ਭੀ ਨਹੀਂ ਰੋਕੇ, ਯਾ ਤੇ ਰੱਖਨੇ ਯੋਗਯ ਹੈ।" (ਉਰਮੀ ੨੮)

ਭਾਈ ਸੁਖਾ ਸਿੰਘ ਦੇ ਗੁਰ ਬਿਲਾਸ ਵਿਚ ਅਤੇ ਭਾਈ ਸੰਤੋਖ ਸਿੰਘ ਦੇ 'ਗੁਰ ਪ੍ਰਤਾਪ ਸੂਰਜ' ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਦੁਰਗਾ ਦਾ ਪੁਜਾਰੀ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ।

ਪਰ ਇਨ੍ਹਾਂ ਦੀਆਂ ਲਿਖਤਾਂ ਦਾ ਪੋਲ ਉਸ ਵਕਤ ਖੁਲ੍ਹ ਜਾਂਦਾ ਹੈ ਜਦੋਂ ਅਸੀਂ ਸ੍ਰੀ ਕਲਗੀਧਰ (ਪਾਤਸ਼ਾਹ ਜੀ) ਦੀ ਆਪਣੀ ਉਚਾਰਨ ਕੀਤੀ ਬਾਣੀ ਵਿਚੋਂ ਪੰਡਿਤ ਨੂੰ ਦਿੱਤਾ ਉਤਰ ਪੜ੍ਹਦੇ ਹਾਂ–

ਜੋ ਕਿਛੁ ਲੇਖੁ ਲਿਖਿਓ ਬਿਧਨਾ,ਸੋਈ ਪਾਯਤੁ ਮਿਸ੍ਰ ਜੂ ਸੋਕ ਨਿਵਾਰੋ ।।੩।।(ਗਿਆਨ ਪ੍ਰਬੋਧ ਅੰਤ)

ਸਾਡੇ ਇਤਿਹਾਸਕਾਰਾਂ ਨੇ ਥਾਂ-ਪਰ-ਥਾਂ ਇਤਿਹਾਸ ਦੇ ਪੰਨਿਆਂ ਵਿਚ ਗੁਰੂ ਸਾਹਿਬਾਨ ਨੂੰ ਨਸ਼ਿਆਂ ਦਾ ਸੇਵਨ ਕਰਨ ਵਾਲੇ ਲਿਖਿਆ ਹੈ, ਜਿਵੇਂ ਕਿ–"ਗੁਰ-ਬਿਲਾਸ ਪਾਤਸ਼ਾਹੀ ਛੇਵੀਂ" ਵਿਚ ਲਿਖਿਆ ਹੈ ਕਿ 'ਤਿਮਰ' ਗਡਰੀਏ ਨੂੰ ਗੁਰੂ ਨਾਨਕ ਸਾਹਿਬ ਨੇ ਭੰਗ ਲਿਆਉਣ ਲਈ ਕਿਹਾ ਤੇ ਉਸ ਕੋਲੋਂ ਸੱਤ ਮੁਠਾਂ ਭੰਗ ਦੀਆਂ ਲੈ ਕੇ, ਉਸ ਦੇ ਬਦਲੇ ਉਸ ਨੂੰ ਸੱਤ ਪੁਸ਼ਤਾਂ ਦੀ ਬਾਦਸ਼ਾਹੀ ਬਖਸ਼ ਦਿਤੀ। ਜਨਮ ਸਾਖੀ ਵਿਚ ਇਸ ਕਥਾ ਦਾ ਸੰਬੰਧ ਬਾਬਰ ਨਾਲ ਜੋੜਿਆ ਗਿਆ ਹੈ। ਕਿਤਨਾ ਮਖ਼ੌਲ ਹੈ ਸਿੱਖ ਇਤਿਹਾਸ ਨਾਲ।

"ਨਾਮ-ਖੁਮਾਰੀ" ਨਾਲ ਮਸਤ ਰਹਿਣ ਵਾਲੇ ਬਾਬੇ ਨਾਨਕ ਜੀ ਨੂੰ ਭੰਗ ਪਿਆ ਕੇ ਮਸਤ ਕਰਨਾ "ਗੁਰ-ਬਿਲਾਸ" ਦੇ ਖੋਜੀ ਲਿਖਾਰੀ ਦਾ ਅਨੂਠਾ ਕਾਰਨਾਮਾ ਹੈ। ਇਸੇ ਪੁਸਤਕ ਦੇ ਅਠ੍ਹਾਰਵੇਂ ਅਧਯਾਯ ਵਿਚ ਗੁਰੂ ਹਰਿਗੋਬਿੰਦ ਸਾਹਿਬ ਨੂੰ ਵੀ ਭੰਗ ਪੀਂਦੇ ਵਿਖਾਇਆ ਹੈ–

ਜਬੈ ਜਾਮ ਦਿਨ ਆਨਿ ਰਹਾਯੋ। ਸ੍ਰੀ ਗੁਰੁ ਬਿਜੀਆ ਪਾਨ ਕਰਾਯੋ। (੨੧੯)

ਭਾਈ ਸੁਖਾ ਸਿੰਘ ਦਸਵੇਂ ਪਾਤਸ਼ਾਹ ਦੇ ਗੁਰ ਬਿਲਾਸ ਵਿਚ ਇਕ ਕਦਮ ਹੋਰ ਅਗੇ ਵਧਿਆ ਤੇ ਉਸ ਨੇ ਕਲਗੀਧਰ ਪਾਤਸ਼ਾਹ ਨੂੰ ਭੰਗ ਤੇ ਅਫੀਮ ਆਪ ਖਾਣ ਵਾਲੇ ਤੇ ਦੂਸਰਿਆਂ ਨੂੰ ਖੁਆਉਣ ਵਾਲੇ ਲਿਖ ਮਾਰਿਆ; ਜਿਵੇਂ–

ਬਿਜਿਆ ਧਰਛਤ ਅਮਲ ਮੰਗਾਵੈ ॥ ਆਪ ਛਕੇ ਪੁਨਿ ਅਪਰ ਦਿਆਵੈ ॥ (੧੩੬)
(ਬਿਜਿਆ—ਭੰਗ। ਧਰਛਤ—ਅਫ਼ੀਮ।)

ਭਾਈ ਸਾਹਿਬ ਦੀ ਤਸੱਲੀ ਅਜੇ ਵੀ ਨਹੀਂ ਹੋਈ ਤੇ ਉਨ੍ਹਾਂ ਨੇ ਸ਼ਰਾਬ ਤੇ ਭੰਗ ਦਾ ਚਰਨਾਮ੍ਰਿਤ ਦੇਣਾ ਵੀ ਲਿਖ ਮਾਰਿਆ ਤੇ ਨਾਲ ਹੀ ਗੁਰੂ ਸਾਹਿਬ ਨੂੰ ਦੇਵੀ ਦਾ ਪੁਜਾਰੀ ਵੀ ਸਿੱਧ ਕਰ ਦਿੱਤਾ–

ਮਦਿਰਾ ਬਿਜਿਆ ਖਾਂਡ ਮਿਲਾਈ ॥ ਚਰਨਾਮ੍ਰਿਤ ਮਿਲ ਗਾਗਰ ਪਾਈ ॥
ਲੈ ਨਿਜ ਭੇਟ ਕਾਲਿਕਾ ਦੀਨੇ ॥ ਜੈ ਭਵਾਨੀ ਕੀ ਉਚਰ ਪ੍ਰਬੀਨੇ ॥ (੧੩੭)

ਭਾਈ ਸੰਤੋਖ ਸਿੰਘ ਨੇ 'ਗੁਰ ਪ੍ਰਤਾਪ ਸੂਰਯ' ਵਿਚ ਵੀ ਅਜਿਹੀਆਂ ਗੱਲਾਂ ਲਿਖੀਆਂ ਹਨ–

ਯਾ ਤੇ ਸ੍ਰੀ ਮੁਖ ਬਾਕ ਉਚਾਰਾ ॥ ਹੁਇ ਸੁੱਖੇ ਕੀ ਦੇਗ ਉਦਾਰਾ ॥
ਸਿੰਘ ਹੋਇ ਜਬ ਆਯੁਧ ਧਾਰੀ ॥ ਮਾਦਕ ਚਹੀਏ ਅਨੰਦ ਮਝਾਰੀ ॥ (੩੯)

www.AKJ.Org


www.AKJ.Org

ਹੁਣ ਗੁਰਬਾਣੀ ਵਿਚੋਂ ਨਸ਼ਿਆਂ ਦੇ ਸੇਵਨ ਦੇ ਵਿਰੁੱਧ ਵਾਕ ਪੜ੍ਹ ਕੇ ਫ਼ੈਸਲਾ ਕਰੀਏ ਕਿ ਕਿਹੜੀ ਗੱਲ ਠੀਕ ਹੈ ਤੇ ਕਿਹੜੀ ਗ਼ਲਤ—

੧. ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੈ ।।੨।।੪।। (ਪੰਨਾ ੩੬੦)
੨. ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ।।੨।।੧੨।। (ਪੰਨਾ ੫੫੩)
੩. ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ ।।੧।।੨।। (ਪੰਨਾ ੭੨੧)

ਗੁਰਮਤਿ ਅਨੁਸਾਰ ਸ਼ਗਨ, ਸਾਹਾ ਸੰਧਣਾ, ਮਹੂਰਤ ਕਢਾਉਣਾ ਤੇ ਗ੍ਰਹਿ-ਪੂਜਾ ਆਦਿਕ ਸਾਰੇ ਕਰਮ ਫ਼ਜ਼ੂਲ ਹਨ, ਪਰ ਬਲਿਹਾਰ ਜਾਈਏ ਉਨ੍ਹਾਂ ਧਾਰਮਕ ਪੁਸਤਕਾਂ ਲਿਖਣ ਵਾਲਿਆਂ ਦੇ, ਜਿਨ੍ਹਾਂ ਨੇ ਆਪਣਾ ਮਤ ਸਿਧ ਕਰਨ ਲਈ ਇਹ ਸਭ ਕੁਝ ਗੁਰੂ ਸਾਹਿਬਾਨ ਨਾਲ ਜੋੜ ਕੇ ਗੁਰਸਿੱਖਾਂ ਨੂੰ ਮਨਮੱਤ ਵਲ ਧਕਿਆ ਹੈ।

ਮ੍ਰਿਤਕ ਪ੍ਰਾਣੀ ਪਿਛੇ ਰੋਣਾ ਪਿੱਟਣਾ ਗੁਰਮਤਿ ਅਨੁਸਾਰ ਵਿਵਰਜਿਤ ਹੈ, ਪਰ ਗੁਰੂ ਅਰਜਨ ਸਾਹਿਬ ਦੇ ਚਲਾਣੇ ਤੇ ਮਾਤਾ ਗੰਗਾ ਜੀ ਨੂੰ ਗੁਰ-ਬਿਲਾਸ ਪਾ: ੬ ਵਿਚ ਰੋਂਦਾ ਤੇ ਵਿਰਲਾਪ ਕਰਦਾ ਵਿਖਾਇਆ ਗਿਆ ਹੈ। ਇਸੇ ਤਰ੍ਹਾਂ ਦੀਆਂ ਹੋਰ ਅਨੇਕਾਂ ਗ਼ਲਤ-ਬਿਆਨੀਆਂ ਸਾਡੇ ਇਨ੍ਹਾਂ ਇਤਿਹਾਸਾਂ ਵਿਚ ਵੇਖੀਆਂ ਜਾਂਦੀਆਂ ਹਨ।

ਗੁਰੂ ਨਾਨਕ ਸਾਹਿਬ ਨੇ ਪਦ-ਯਾਤਰਾ ਰਾਹੀਂ ਉਦਾਸੀਆਂ ਕੀਤੀਆਂ, ਪਰ ਸਮੁੰਦਰ ਦਾ ਸਫ਼ਰ ਉਨ੍ਹਾਂ ਨੇ ਮਛੂਏ ਭਾਵ ਬੇੜੀ ਰਾਹੀਂ ਕੀਤਾ ਹੋਵੇਗਾ। ਪਰ ਸਾਡੇ ਜਨਮ-ਸਾਖੀਆਂ ਲਿਖਣ ਵਾਲੇ ਵਿਦਵਾਨਾਂ ਨੇ 'ਮਛੂਏ' ਨੂੰ ਮੱਛੀ ਬਣਾ ਕੇ ਸਮੁੰਦਰ ਵਿਚ ਗੁਰੂ ਸਾਹਿਬ, ਭਾਈ ਬਾਲਾ ਤੇ ਮਰਦਾਨਾ ਉਸ ਦੀ ਪਿੱਠ ਉਤੇ ਤਰਦੇ ਵਿਖਾਏ ਹਨ। ਜਦੋਂ ਕਿ ਇਹ ਵੀ ਸਿੱਧ ਹੋ ਚੁਕਾ ਹੈ ਕਿ ਭਾਈ ਬਾਲਾ ਨਾਂ ਦਾ ਕੋਈ ਵਿਅਕਤੀ ਉਦਾਸੀਆਂ ਸਮੇਂ ਗੁਰੂ ਸਾਹਿਬ ਦੇ ਨਾਲ ਨਹੀਂ ਗਿਆ।

ਗੁਰਬਾਣੀ ਵਿਚ ਆਏ ਕਈ ਸ਼ਬਦਾਂ ਦੇ ਸਥਾਨਕ ਅਰਥ ਕਰ ਕੇ ਕਥਾ-ਵਾਚਕਾਂ, ਟੀਕਾਕਾਰਾਂ ਤੇ ਜਨਮ-ਸਾਖੀਆਂ ਦੇ ਕਰਤਾ ਨੇ ਅਜੀਬ ਗੱਲਾਂ ਲਿਖੀਆਂ ਹਨ। ਜਿਵੇਂ :—

ਕੀੜਾ ਥਾਪਿ ਦੇਇ ਪਾਤਸਾਹੀ ਲਸਕਰ ਕਰੇ ਸੁਆਹ ।।੧।।੧੪।। (ਪੰਨਾ ੧੪੪)

ਵਾਲੀ ਤੁਕ ਬਾਰੇ ਲਿਖਿਆ ਗਿਆ ਹੈ ਕਿ ਗੁਰੂ ਨਾਨਕ ਸਾਹਿਬ 'ਕੀੜ ਨਗਰ' ਵਿੱਚ ਗਏ, ਉਥੇ ਕੀੜੀਆਂ ਦਾ ਹੀ ਰਾਜ ਸੀ, ਉਹਨਾਂ ਬਾਰੇ ਗੁਰੂ ਸਾਹਿਬ ਨੇ ਇਹ ਸ਼ਬਦ ਉਚਾਰਨ ਕੀਤਾ।

ਇਸੇ ਤਰ੍ਹਾਂ ਜ਼ਿਕਰ ਆਉਂਦਾ ਹੈ ਕਿ ਗੁਰੂ ਜੀ ਤੋਂ ਸਿੱਖਾਂ ਨੇ ਕੁੰਭ ਦੇ ਮੇਲੇ ਦਾ ਮਹਾਤਮ ਪੁਛਿਆ ਤਾਂ ਗੁਰੂ ਸਾਹਿਬ ਨੇ ਸ਼ਬਦ ਉਚਾਰਨ ਕੀਤਾ :—

ਕੁੰਭੇ ਬਧਾ ਜਲੁ ਰਹੈ, ਜਲ ਬਿਨੁ ਕੁੰਭੁ ਨ ਹੋਇ ।।੫।।੧੨।। (ਆਸਾ ਦੀ ਵਾਰ)

ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਜੀਵਨ-ਕਾਲ ਦੇ ਅੰਤਲੇ ਦਿਨਾਂ ਵਿਚ ਨਾਂਦੇੜ ਚਲੇ ਗਏ ਸਨ। ਉਥੇ ਹੀ ਉਹ ਜੋਤੀ-ਜੋਤਿ ਸਮਾਏ। ਅਕਾਲ ਚਲਾਣੇ ਦੇ ਕਾਰਨਾਂ ਦਾ ਜ਼ਿਕਰ ਕਰਦਿਆਂ ਇਤਿਹਾਸਕਾਰਾਂ ਲਿਖਿਆ ਕਿ ਗੁਰੂ ਸਾਹਿਬ ਨੇ ਪੈਂਦੇ ਖ਼ਾਨ ਦੇ ਪੋਤਰੇ ਤੇ ਸੈਦੇ ਖ਼ਾਨ ਪਠਾਣ ਦੇ ਪੁੱਤਰ ਗੁਲ ਖ਼ਾਨ ਨੂੰ ਆਪ ਪ੍ਰੇਰ ਕੇ ਆਪਣੇ ਉਤੇ ਖੰਜਰ ਦਾ ਵਾਰ ਕਰਵਾਇਆ ਤਾਂ ਕਿ ਸਰੀਰ ਤਿਆਗ ਸਕਣ। ਗੁਰੂ ਵਿਲਾਸ ਪਾਤਸ਼ਾਹੀ ੧੦ਵੀਂ ਕਰਤਾ ਭਾਈ ਸੁੱਖਾ ਸਿੰਘ ਤੇ ਗੁਰੂ ਪ੍ਰਤਾਪ ਸੂਰਜ ਦੇ ਕਰਤਾ ਭਾਈ ਸੰਤੋਖ ਸਿੰਘ ਅਨੁਸਾਰ ਤਾਂ ਗੁਰੂ ਸਾਹਿਬ ਆਪ ਖੁਦਕਸ਼ੀ ਕਰਨਾ ਚਾਹੁੰਦੇ ਸਨ। ਮਾਤਾ, ਪਿਤਾ, ਚਾਰੇ ਸਾਹਿਬਜ਼ਾਦੇ ਤੇ ਜਾਨ ਨਾਲੋਂ ਪਿਆਰੇ ਸਿੰਘ ਕੁਰਬਾਨ ਕਰਵਾ ਕੇ ਵੀ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲੇ ਕਲਗੀਧਰ ਪਾਤਿਸ਼ਾਹ ਨੂੰ ਢਹਿੰਦੀਆਂ ਕਲਾਂ ਵਿਚ ਜਾ ਕੇ ਆਤਮ-ਘਾਤ ਕਰਨ ਤਕ ਜਾਣ ਵਾਲਾ ਦਰਸਾਉਣਾ ਸਿੱਖ ਇਤਿਹਾਸ ਨਾਲ ਸਰਾਸਰ ਬੇ-ਇਨਸਾਫ਼ੀ ਹੈ।

ਉਪਰ ਲਿਖਿਆ ਸਿੱਖ ਇਤਿਹਾਸ ਵਿਚੋਂ ਕੁਝ ਉਦਾਹਰਣਾਂ ਸਿੱਧ ਕਰਦੀਆਂ ਹਨ ਕਿ ਸਾਡੇ ਇਤਿਹਾਸ ਵਿਚ ਬੜੀਆਂ ਤਰੁਟੀਆਂ ਹਨ ਅਤੇ ਇਸ ਵਿਚ ਸੁਧਾਰ ਦੀ ਲੋੜ ਹੈ। ਜੇ ਇਸ ਪਾਸੇ ਉਚੇਚਾ ਤੇ ਜਲਦੀ ਧਿਆਨ ਨਾ ਦਿੱਤਾ ਗਿਆ ਤਾਂ ਅਣਮਤੀਏ ਇਸ ਦਾ ਲਾਭ ਉਠਾ ਕੇ ਗੁਰਮਤਿ ਦੇ ਸਿਧਾਂਤਾਂ ਉਤੇ ਹੋਰ ਸੱਟ ਮਾਰ ਸਕਦੇ ਹਨ। ਮਹਾਸ਼ਾ ਪ੍ਰੈਸ ਅਗੇ ਹੀ ਕਈ ਗਲਤ ਗੱਲਾਂ ਲਿਖ-ਲਿਖ ਕੇ ਸਿੱਖਾਂ ਦੇ ਹਿਰਦਿਆਂ ਨੂੰ ਜ਼ਖਮੀ ਕਰ ਰਿਹਾ ਹੈ।

www.AKJ.Org
www.AKJ.Org

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਤੱਥਾਂ ਤੇ ਇਕ ਨਜ਼ਰ (੪)

[ਕੈਪਟਨ ਸਵਰਨ ਸਿੰਘ ਜੀ]

**ਜੁਰਮਾਨੇ ਵਾਲੀ ਗੱਲ ਅਤੇ ਰਾਜੂ ਅੰਬਾ ਕੌਣ–**

ਜਹਾਂਗੀਰ ਦੀ ਆਪਣੀ ਲਿਖਤ ਤੋਂ ਸਾਫ਼ ਹੈ ਕਿ ਗੁਰੂ ਸਾਹਿਬ ਨੂੰ ਸਿਰਫ਼ ਕਤਲ ਤੇ ਉਨ੍ਹਾਂ ਦੇ ਬਾਲ ਬੱਚੇ ਤੇ ਮਾਲ ਅਸਬਾਬ, ਘਰ ਘਾਟ ਆਦਿ ਜ਼ਬਤ ਕਰਨ ਦੀ ਸਜ਼ਾ ਮਿਲੀ ਸੀ, ਉਨ੍ਹਾਂ ਨੂੰ ਜੁਰਮਾਨਾ ਨਹੀਂ ਸੀ ਕੀਤਾ ਗਿਆ। ਪਰ ਕਈ ਲਿਖਾਰੀਆਂ ਦੀਆਂ ਕਲਮਾਂ ਤੇ ਅਨੇਕਾਂ ਪ੍ਰਚਾਰਕਾਂ ਦੀਆਂ ਜ਼ਬਾਨਾਂ ਦੀਆਂ ਨੋਕਾਂ ਤੇ ਆਉਂਦੀ ਹੈ ਕਿ ਗੁਰੂ ਸਾਹਿਬ ਨੂੰ ਜੁਰਮਾਨਾ ਕੀਤਾ ਗਿਆ, ਜੋ ਉਨ੍ਹਾਂ ਦੇਣੋਂ ਇਨਕਾਰ ਕਰ ਦਿਤਾ।

ਇਹ ਜੁਰਮਾਨਾ ਅੰਬਾ ਨਾਂ ਦੇ ਇਕ ਆਦਮੀ ਨੂੰ, ਜੋ ਲਾਹੌਰ ਦੇ ਰਹਿਣ ਵਾਲਾ ਸੀ, ਕੀਤਾ ਗਿਆ ਸੀ। ਇਸ ਦਾ ਇਕ ਹੋਰ ਸਾਥੀ ਰਾਜੂ ਸੀ, ਇਸ ਨੂੰ ਫਾਂਸੀ ਦਿਤੀ ਗਈ ਸੀ। ਇਹ ਦੋ ਆਦਮੀ ਕੌਣ ਸਨ? ਇਸ ਬਾਰੇ ਸਿਖ ਇਤਿਹਾਸਕਾਰ ਤੇ ਹੋਰ ਸਮਕਾਲੀ ਲੇਖਕ ਬਿਲਕੁਲ ਚੁਪ ਹਨ। ਗੁਰੂ ਸਾਹਿਬ ਨਾਲ ਲਾਹੌਰ ਆਏ ਸਿੱਖਾਂ ਵਿਚ ਸਨ, ਜਾਂ ਲਾਹੌਰ ਵਾਸੀ ਗੁਰੂ ਜੀ ਦੇ ਸਿੱਖਾਂ ਵਿਚ ਕੋਈ ਰਾਜੂ, ਅੰਬਾ ਨਾਮਕ ਸਿਖ ਅੱਜ ਤਕ ਸੁਣੇ ਜਾਂ ਪੜ੍ਹੇ ਨਹੀਂ ਗਏ। ਬਾਦਸ਼ਾਹ ਵਲੋਂ ਇਨ੍ਹਾਂ ਦੀ ਸਜ਼ਾ ਸੰਬੰਧੀ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ, ਉਨ੍ਹਾਂ ਦਾ ਘਰ ਘਾਟ ਮੁਰਤਜ਼ਾ ਖਾਨ ਨੂੰ ਸੌਂਪਣਾ ਤੇ ਉਨ੍ਹਾਂ ਨੂੰ ਤਸੀਹੇ ਦੇ ਕੇ ਕਤਲ ਦਾ ਹੁਕਮ, ਇਕੋ ਫ਼ਿਕਰੇ ਵਿਚ ਨਾਲ ਹੀ ਲਿਖਣਾ ਸਾਬਤ ਕਰਦਾ ਹੈ ਕਿ ਉਨ੍ਹਾਂ ਦੋਹਾਂ ਆਦਮੀਆਂ ਨੂੰ ਉਸੇ ਵੇਲੇ ਹੀ ਸਜ਼ਾ ਮਿਲੀ ਸੀ ਜਦ ਕਿ ਗੁਰੂ ਸਾਹਿਬ ਦੇ ਕਤਲ ਦਾ ਹੁਕਮ ਦਿਤਾ ਗਿਆ ਸੀ। ਇਸ ਇਕੋ ਵੇਲੇ ਹੋਏ ਹੁਕਮ ਨੇ ਇਹ ਭੁਲੇਖਾ ਖੜਾ ਕਰ ਦਿਤਾ ਹੈ ਕਿ ਜੁਰਮਾਨਾ ਗੁਰੂ ਸਾਹਿਬ ਨੂੰ ਹੋਇਆ ਸੀ, ਜੋ ਕਿ ਸਿਰਿਓਂ ਹੀ ਗ਼ਲਤ ਗੱਲ ਹੈ। ਅੰਬਾ ਬਾਦਸ਼ਾਹ ਦੇ ਲਿਖਣ ਅਨੁਸਾਰ, ਪੈਸੇ ਵਾਲਾ ਆਦਮੀ ਤਾਂ ਭਾਵੇਂ ਹੋਵੇ ਪਰ ਉਸ ਵੇਲੇ ਲੋਕਾਂ ਵਿਚ ਕੋਈ ਉਘਾ ਆਦਮੀ ਨਹੀਂ ਜਾਪਦੇ। ਇਕ ਮਾਮੂਲੀ ਆਦਮੀ ਲਗਦੇ। ਇਸ ਘਟਨਾ ਦੇ ਵਾਪਰਨ ਪਿਛੋਂ ਜਦ ਮੂੰਹੋਂ ਮੂੰਹ ਗੱਲਾਂ ਚੱਲੀਆਂ ਹੋਣਗੀਆਂ ਤਾਂ ਲੋਕਾਂ ਨੇ ਭੁਲ-ਭੁਲੇਖੇ ਜਾਂ ਸ਼ਰਧਾ-ਵਸ ਇਹ ਜੁਰਮਾਨੇ ਵਾਲੀ ਸਜ਼ਾ ਗੁਰੂ ਸਾਹਿਬ ਦੇ ਨਾਮ ਨਾਲ ਹੀ ਥੱਪ ਦਿਤੀ ਹੋਵੇਗੀ। ਮੁਹਸਨ ਫ਼ਾਨੀ "ਦਬਿਸਤਾਨਿ-ਮਜ਼ਾਹਿਬ" ਦਾ ਲਿਖਾਰੀ ਇਥੋਂ ਹੀ ਟਪਲਾ ਖਾ ਗਿਆ ਲਗਦਾ ਹੈ। ਅੰਬਾ ਨੂੰ ਜੁਰਮਾਨਾ ਦੋ ਲਖ ਹੀ ਕੀਤਾ ਗਿਆ ਜ਼ਾਹਿਰ ਹੁੰਦਾ ਹੈ, ਕਿਉਂਕਿ ਜੋ ਉਸ ਤੋਂ ਰਕਮ ਵਸੂਲ ਹੋਈ, ਉਹ ਇਕ ਲਖ ਪੰਦਰਾਂ ਹਜ਼ਾਰ ਸੀ, ਜਿਵੇਂ ਜਹਾਂਗੀਰ ਨੇ ਤੌਜ਼ਕ ਵਿਚ ਲਿਖਿਆ ਹੈ। ਭੁਲੇਖਾ ਉਸਦੀ ਲਿਖਤ ਨੇ ਪਾਇਆ ਹੈ। ਵੇਖੋ ਉਹ ਸਤਰਾਂ ਉਸਦੇ ਹੁਕਮ ਦੀਆਂ।

"...ਅਮਰ ਕਰਦਮ ਕਿ ਓ ਰਾ ਹਾਜ਼ਰ ਸਾਖ਼ਤੰਦ ਵ ਮਸਾਕਨ ਵ ਮਨਾਜ਼ਲ ਵ ਫ਼ਰਜ਼ੰਦਾਨਿ ਓ ਰਾ ਬਮੁਰਤਜ਼ਾ ਖ਼ਾਨ ਅਨਾਇਤ ਨਮੂਦਮ ਵਾ ਅਸਬਾਬੋ ਅਮਵਾਲ ਊ ਰਾ ਬਕੈਦ ਜ਼ਬਦ ਦਰ ਆਵੁਰਦਾ ਫ਼ਰਮੂਦਮ ਕਿ ਊ ਰਾ ਬ-ਸਿਆਸਤ ਵ ਬ-ਯਾਸਾ ਰਸਾਨੰਦ ਵ ਦੋ ਕਸ ਦੀਗਰ ਰਾ ਕਿ ਰਾਜੂ ਵ ਅੰਬਾ ਨਾਮ ਦਾਸ਼ਤੰਦ ਦਰ ਜ਼ਿਲ-ਇ-ਹਮਾਇਤ ਦੌਲਤ ਖ਼ਾਂ ਖ਼ਾਜਾ ਸਰਾ ਬ ਜ਼ੁਲਮ ਵ ਤਅੱਦੀ ਜ਼ਿੰਦਗਾਨੀ ਮੀ ਕਰਦੰਦ ਵ ਦਰੀਂ ਚੰਦ ਰੋਜ਼ੇ ਕਿ ਖ਼ੁਸਰੋ ਲਾਹੌਰ ਰਾ ਕਬਲ ਦਾਸ਼ਤ ਦਸਤ ਅੰਦਾਜ਼ੀ ਹਾਏ ਵ ਬੇ ਅੰਦਾਮਿਹਾ ਨਮੂਦਾ ਬੂਦੰਦ ਫ਼ਰਮੂਦਮ ਕਿ ਰਾਜੂ ਰਾ ਬਦਾਰ ਕਸ਼ੀਦਾ ਅਜ਼ ਅੰਬਾ ਕਿ ਬ-ਜ਼ਰਦਾਰੀ ਮਸ਼ਹੂਰ ਬੂਦ ਜਰੀਮਾ ਗ੍ਰਿਫ਼ਤੰਦ ਮਜੁਮਲਨ ਯਕ ਲਕ ਵ ਪਾਂਜ਼ਦਹ ਹਜ਼ਾਰ ਰੁਪਇਆ ਅਜ਼ੋ ਬ-ਵਸੂਲ ਰਸੀਦ ....."

ਅਰਥਾਤ–"ਮੈਂ ਹੁਕਮ ਦਿਤਾ ਕਿ ਉਸ (ਗੁਰੂ ਅਰਜਨ ਦੇਵ) ਨੂੰ ਹਾਜ਼ਰ ਕਰਨ ਤੇ ਉਸਦੇ ਘਰ ਘਾਟ ਬਾਲ ਬੱਚਿਆਂ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦਿਤਾ ਅਤੇ ਉਸ ਦਾ ਮਾਲ ਮਤਾਅ ਜ਼ਬਤ ਕਰਕੇ ਹੁਕਮ ਦਿਤਾ ਕਿ ਉਸ ਨੂੰ ਡਰਾਉਣ, ਧਮਕਾਉਣ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਮਾਰ ਮੁਕਾਉਣ। ਅਤੇ ਦੂਜੇ ਦੋ ਹੋਰ ਜਿਨ੍ਹਾਂ

www.AKJ.Org



www.AKJ.Org

ਦਾ ਨਾਮ ਰਾਜੂ ਤੇ ਅੰਬਾ ਸੀ ਤੇ ਜਿਨ੍ਹਾਂ ਖ਼ਵਾਜਾ ਸਰਾ ਦੌਲਤ ਖ਼ਾਂ ਦੀ ਹਮਾਇਤ ਦੀ ਸ਼ਹਿ ਤੇ ਬਹੁਤ ਜ਼ੁਲਮ ਤੇ ਅਤਿਆਚਾਰ ਕੀਤੇ ਸਨ ਤੇ ਜਦ ਖ਼ੁਸਰੋ ਲਾਹੌਰ ਲਾਗੇ ਆਣ ਪੁਜਾ ਸੀ (ਇਨ੍ਹਾਂ ਦੋਵਾਂ) ਬਹੁਤ ਉਧੜ-ਧੁਮੀ ਚੁਕੀ ਤੇ ਵਧੀਕੀਆਂ (ਮਾਰਾਂ ਧਾੜਾਂ) ਕੀਤੀਆਂ ਸਨ, ਬਾਰੇ ਹੁਕਮ ਦਿਤਾ ਕਿ ਰਾਜੂ ਨੂੰ ਤਾਂ ਫਾਂਸੀ ਦੇ ਦੇਣ ਤੇ ਅੰਬਾ, ਜੋ ਦੌਲਤਮੰਦ ਕਰਕੇ ਮਸ਼ਹੂਰ ਸੀ, ਪਾਸੋਂ ਜੁਰਮਾਨਾ ਲੈਣ। ਇਕ ਲੱਖ ਪੰਦਰਾਂ ਹਜ਼ਾਰ ਰੁਪਇਆ ਉਸ ਪਾਸੋਂ ਵਸੂਲ ਹੋਇਆ ।"

ਇਹ ਹੁਕਮ ਇਕੋ ਸਮੇਂ ਤੇ ਇਕੋ ਫ਼ਿਕਰੇ ਵਿਚ ਜੁੜਵਾਂ ਹੋਣ ਕਰਕੇ ਪਿਛਲਿਆਂ ਸੁਣਦਿਆਂ ਤੋਂ ਨਿਖੇੜ ਨਹੀਂ ਹੋਇਆ ਤੇ ਇਸ ਕਰਕੇ ਜੁਰਮਾਨੇ ਵਾਲੀ ਗੱਲ ਵੀ ਗੁਰੂ ਸਾਹਿਬ ਨਾਲ ਮੜ੍ਹੀ ਗਈ ਜਾਪਦੀ ਹੈ, ਜੋ ਇਤਿਹਾਸਕ ਤੌਰ ਤੇ ਬਿਲਕੁਲ ਗਲਤ ਹੈ। ਵੱਡੀ ਗੁਆਹੀ ਜਹਾਂਗੀਰ ਦੀ ਆਪਣੀ ਲਿਖਤ ਹੈ। ਸੋ ਇਸ ਬਾਰੇ ਕੋਈ ਭੁਲੇਖਾ ਨਹੀਂ ਰਹਿਣਾ ਚਾਹੀਦਾ।

ਮੈਕਾਲਿਫ਼ ਸਾਹਿਬ ਨੇ ਆਪਣੀ ਸਿਖ ਇਤਿਹਾਸ ਦੀ ਪ੍ਰਸਿਧ ਕਿਤਾਬ ਵਿਚ ਇਸ ਘਟਨਾ ਦਾ ਜ਼ਿਕਰ ਕੀਤਾ ਹੈ। ਜਦ ਬਾਦਸ਼ਾਹ ਨੇ ਜੁਰਮਾਨੇ ਵਾਲੀ ਗੱਲ ਤੇ ਗੁਰੂ ਗ੍ਰੰਥ ਸਾਹਿਬ ਚੋਂ ਕੁਝ ਸ਼ਬਦ ਕਟਣ ਬਾਰੇ, ਜੋ ਅਵਤਾਰਾਂ ਪੈਗੰਬਰਾਂ ਨਾਲ ਸੰਬੰਧਤ ਸਨ, ਅਤੇ ਨਾਲ ਹੀ ਮੁਹੰਮਦ ਸਾਹਿਬ ਦੀ ਉਸਤਤ ਵਿਚ ਲਿਖਣ ਲਈ ਕਿਹਾ, ਇਨ੍ਹਾਂ ਗੱਲਾਂ ਦੇ ਜੁਆਬ ਵਿਚ ਗੁਰੂ ਸਾਹਿਬ ਨੇ ਜਹਾਂਗੀਰ ਨੂੰ ਇਹ ਉੱਤਰ ਦਿੱਤਾ ਸੀ :—

"ਜੋ ਧਨ ਪਦਾਰਥ ਇਸ ਵੇਲੇ ਮੇਰੇ ਪਾਸ ਹੈ, ਉਹ ਸਭ ਗਰੀਬਾਂ, ਅਨਾਥਾਂ, ਮੁਹਤਾਜਾਂ, ਲੋੜਵੰਦਾਂ ਤੇ ਪਰਦੇਸੀਆਂ ਲਈ ਹੈ, ਜੇ ਤੂੰ ਧਨ ਮੰਗਦਾ ਹੈਂ ਤਾਂ ਜੋ ਮੇਰੇ ਪਾਸ ਹੈ ਤੂੰ ਬੇਸ਼ਕ ਲੈ ਲੈ। ਪਰ ਜੇ ਤੂੰ ਕਹੇਂ ਕਿ ਜੁਰਮਾਨਾ ਕਰ ਕੇ ਮੈਥੋਂ ਲੈਣਾ ਹੈ, ਤਾਂ ਧਿਆਨ ਨਾਲ ਸੁਣ ਲੈ, ਮੈਂ ਤੈਨੂੰ ਇਕ ਕੌਡੀ ਵੀ ਨਹੀਂ ਦਿਆਂਗਾ। ਵਜ੍ਹਾ ਇਹ ਹੈ ਕਿ ਜੁਰਮਾਨਾ ਦੁਨੀਆ ਦੇ ਚੋਰਾਂ, ਡਾਕੂਆਂ, ਲੁਚਿਆਂ-ਲਫੰਗਿਆਂ ਤੇ ਲਗਦਾ ਹੈ, ਨਾਕਿ ਸਾਧੂਆਂ ਤੇ ਵਿਰੱਕਤਾਂ ਤੇ। ਅਗਲੀ ਗੱਲ ਜੋ ਤੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਕੁਝ ਸ਼ਬਦਾਂ ਦੇ ਕਟਣ ਬਾਰੇ ਆਖੀ ਹੈ, ਮੈਂ (ਉਨ੍ਹਾਂ ਵਿਚੋਂ) ਇਕ ਅੱਖਰ ਵੀ ਨਹੀਂ ਕੱਟ ਸਕਦਾ। ਮੈਂ ਸਰਵ-ਸ਼ਕਤੀਮਾਨ ਅਕਾਲ ਪੁਰਖ ਤੇ ਸਰਵ-ਉਚ ਮਹਾਂ ਆਤਮਾ (ਵਾਹਿਗੁਰੂ) ਦਾ ਪੁਜਾਰੀ ਹਾਂ। ਉਸ ਤੋਂ ਬਿਨਾਂ ਕੋਈ ਹੋਰ ਦੂਸਰਾ ਸ਼ਹਿਨਸ਼ਾਹ ਨਹੀਂ, ਤੇ ਜੋ ਉਸ (ਸਰਵ-ਸ਼ਕਤੀਮਾਨ ਪਰਮਾਤਮਾ) ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤਕ ਤੇ ਉਸ ਤੋਂ ਪਿਛੋਂ ਮੇਰੇ ਤੇ ਉਤਾਰਿਆ ਹੈ, ਉਹ ਹੀ ਪਾਵਨ ਗ੍ਰੰਥ ਸਾਹਿਬ ਵਿਚ ਅੰਕਤ ਕੀਤਾ ਗਿਆ ਹੈ। ਜੋ ਸ਼ਬਦ ਇਸ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿਚ ਲਿਖੇ ਗਏ ਹਨ ਉਹ ਕਿਸੇ ਤਰ੍ਹਾਂ ਵੀ ਕਿਸੇ ਹਿੰਦੂ ਦੇਵਤਾ ਜਾਂ ਮੁਸਲਮਾਨਾਂ ਦੇ ਪੈਗੰਬਰ ਦੀ ਨਿਰਾਦਰੀ ਨਹੀਂ ਕਰਦੇ। ਹਾਂ, ਇਸ ਵਿਚ ਕੋਈ ਸ਼ਕ-ਸ਼ੁਬਾ ਨਹੀਂ ਕਿ (ਇਹ) ਇਸ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿਚ ਦਰਜ ਹੈ ਕਿ ਅਵਤਾਰ, ਦੇਵਤੇ, ਪੈਗੰਬਰ, ਸਭ ਉਸ ਅਕਾਲ ਪੁਰਖ ਵਾਹਿਗੁਰੂ ਦੇ ਸਾਜੇ ਨਿਵਾਜੇ ਹੋਏ ਹਨ, ਜਿਸ ਦਾ ਆਦਿ ਅੰਤ ਕੋਈ ਪਾ ਨਹੀਂ ਸਕਦਾ। ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਦੀ ਉਸਤਤ ਇਸ ਵਿਚ ਪੈ ਨਹੀਂ ਸਕਦੀ। ਮੇਰਾ ਮੁਖ ਉਦੇਸ਼ ਸੱਚ ਨੂੰ ਫੈਲਾਉਣਾ ਤੇ ਕੂੜ ਦੇ ਅੰਨ੍ਹੇਰੇ ਨੂੰ ਨਾਸ਼ ਕਰਨ ਦਾ ਹੈ। ਤੇ ਜੇ ਪਰਚਾਰ ਦੇ ਇਸ ਮਹਾਨ ਕਾਰਜ ਵਿਚ (ਮੇਰਾ) ਇਹ ਨਾਸ਼ਮਾਨ ਸਰੀਰ ਲੇਖੇ ਲੱਗ ਜਾਏ ਤਾਂ ਮੈਂ ਇਸ ਨੂੰ ਆਪਣੇ ਬਹੁਤ ਵੱਡੇ ਭਾਗ ਸਮਝਾਂਗਾ।"

[ਮੈਕਾਲਿਫ਼ "ਦੀ ਸਿਖ ਰਿਲੀਜਨ", ਭਾਗ ਤੀਜਾ, ਸਫ਼ਾ ੯੧-੯੨

ਜੁਰਮਾਨੇ ਦਾ ਇਹ ਵੀ ਖੰਡਨ ਹੀ ਕਰਦੇ ਹਨ। ਜੇ ਜੁਰਮਾਨਾ ਕੀਤਾ ਹੁੰਦਾ ਤਾਂ ਉਸ ਦੀ ਰਕਮ ਜ਼ਰੂਰ ਲਿਖੀ ਹੁੰਦੀ।

ਦਬਿਸਤਾਨਿ-ਮਜ਼ਾਹਬ ਦੇ ਕਰਤਾ ਨੇ ਤਾਂ ਭੁਲੇਖੇ ਵਿਚ ਲਿਖਿਆ ਹੈ। ਹਾਂ ਸੱਯਦ ਗੁਲਾਮ ਹਸਨ, ਕਰਤਾ ਸਿਯਰੁਲ ਮੁਤਾਖ਼ਰੀਨ, ਜੋ ਤੁਅਸਬ ਵਿਚ ਅੰਨ੍ਹਾ, ਸਿਖਾਂ ਦਾ ਕੱਟੜ ਵੈਰੀ, ਝੂਠ ਬੋਲਣ ਲਿਖਣ ਨੂੰ ਹੀ ਆਪਣਾ ਈਮਾਨ ਸਮਝਦਾ ਹੈ, ਉਸ ਨੇ ਬੜੀ ਭੈੜੀ ਸ਼ਬਦਾਵਲੀ ਵਰਤੀ ਹੈ ਤੇ ਜੁਰਮਾਨੇ ਵਾਲੀ ਗੱਲ ਨੂੰ ਵਧਾ ਚੜ੍ਹਾ ਕੇ

www.AKJ.Org


www.AKJ.Org

ਲਿਖਿਆ ਹੈ। ਇਤਿਹਾਸਕਾਰਾਂ ਵਿਚੋਂ ਸਭ ਤੋਂ ਵੱਡਾ ਬੇਦੀਨ, ਝੂਠਾ ਤੇ ਮੱਕਾਰ ਵਜੂਦ ਇਹ ਹੈ। ਇਸ ਦਾ ਦਰਜਾ ਅੱਜ ਤੱਕ ਕਿਸੇ ਨਹੀਂ ਖੋਹਿਆ।

**ਕੁਝ ਵਿਚਾਰ ਬਾਦਸ਼ਾਹ ਦੇ ਫ਼ੁਰਮਾਨ ਬਾਰੇ–**

ਜਹਾਂਗੀਰ ਲਿਖਦਾ ਹੈ ਕਿ ਇਹ (ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ) ਬਾਤਲ (ਝੂਠ, ਕੁਫ਼ਰ) ਦੀ ਦੁਕਾਨ ਚਾਰ ਪੀੜ੍ਹੀਆਂ ਤੋਂ ਗਰਮ ਸੀ। ਉਹ ਇਸ ਨੂੰ ਬੰਦ ਕਰਨ ਦੀ ਚਿਰ ਤੋਂ ਧਾਰੀ ਬੈਠਾ ਹੈ। ਉਹ ਇਹ ਵੀ ਦਸਦਾ ਹੈ ਕਿ ਉਹ ਗੁਰੂ ਸਾਹਿਬ ਨੂੰ ਮੁਸਲਮਾਨ ਬਨਾਉਣਾ ਚਹੁੰਦਾ ਹੈ। ਜੇ ਦੀਨ ਨਾ ਮੰਨੇ ਤਾਂ ਉਸ ਨੂੰ ਤਸੀਹੇ ਦੇ ਕੇ ਕਤਲ ਕਰ ਦੇਣ। ਖ਼ੁਸਰੋ ਦੀ ਬਗ਼ਾਵਤ ਸਮੇਂ ਇਕ ਨਗੂਣਾ ਜਿਹਾ ਬਹਾਨਾ ਬਣਾ ਕੇ ਉਹ ਗੁਰੂ ਸਾਹਿਬ ਨੂੰ ਹੱਥ ਪਾਉਣਾ ਚਾਹੁੰਦਾ ਹੈ। ਖ਼ੁਸਰੋ ਨੇ ਬਗ਼ਾਵਤ ਕੀਤੀ, ਗੁਰੂ ਸਾਹਿਬ ਦੇ ਦਰਸ਼ਨ ਕੀਤੇ, ਲੰਗਰੋਂ ਪਰਸ਼ਾਦਾ ਛਕਿਆ ਤੇ ਅੱਗੇ ਤੁਰ ਗਿਆ। ਗੁਰੂ ਘਰ ਦੇ ਦੋਖੀਆਂ ਕੰਨ ਭਰੇ ਕਿ ਗੁਰੂ ਸਾਹਿਬ ਨੇ ਖ਼ੁਸਰੋ ਦੀ ਰੁਪਏ ਪੈਸੇ ਨਾਲ ਸਹਾਇਤਾ ਕੀਤੀ ਹੈ, ਤਿਲਕ ਲਾਇਆ ਹੈ ਤੇ ਆਸ਼ੀਰਵਾਦ ਦਿਤੀ ਹੈ। ਉਸ ਨੇ ਹੁਕਮ ਕੀਤਾ ਕਿ ਗੁਰੂ ਸਾਹਿਬ ਨੂੰ ਹਾਜ਼ਰ ਕਰਨ ਤੇ ਉਸ ਦੇ ਘਰ ਘਾਟ ਤੇ ਬਾਲ ਬੱਚਿਆਂ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦਿਤਾ। ਮਾਲ ਮਤਾਅ ਜ਼ਬਤ ਕਰ ਲਿਆ।

ਗੁਰੂ ਸਾਹਿਬ ਦੇ ਕਤਲ ਤੋਂ ਬਿਨਾਂ ਬਾਕੀ ਦੂਜਿਆਂ ਹੁਕਮਾਂ ਬਾਰੇ ਇਤਿਹਾਸ ਬਿਲਕੁਲ ਚੁਪ ਹੈ। ਜ਼ਰਾ ਧਿਆਨ ਦਿਤਾ ਜਾਵੇ :

(੧) ਬਾਦਸ਼ਾਹ ਇਸ ਝੂਠ ਦੀ ਦੁਕਾਨ (ਇਸ ਲੇਖ-ਸੜੇ ਦੋਜ਼ਖੀ ਤੇ ਹਜ਼ਾਰ ਲਾਅਨਤ, ਜੋ ਗੁਰੂ ਘਰ ਨੂੰ ਇਹ ਕੁਫ਼ਰ ਦਾ ਕਲਮਾ ਕਹਿ ਕੇ ਯਾਦ ਕਰਦਾ ਹੈ) ਨੂੰ ਬੰਦ ਕਰਨਾ ਚਾਹੁੰਦਾ ਹੈ। ਪਰ ਕਰ ਨਹੀਂ ਸਕਿਆ, ਸਗੋਂ ਦੂਣੀ ਚੌਣੀ ਚਮਕੀ।

ਸਿਖ ਧਰਮ ਤੇ ਮੁਗ਼ਲ ਰਾਜ ਇਕੋ ਸਮੇਂ ਹਿੰਦੁਸਤਾਨ ਵਿਚ ਸਥਾਪਤ ਹੋਏ ਸਨ। ਜਹਾਂਗੀਰ ਦੇ ਮੁਗ਼ਲ ਰਾਜ ਦੇ ਤਖ਼ਤ ਤੇ ਬੈਠਣ ਤੋਂ ੧੦੫ ਸਾਲ ਬਾਅਦ ਇਸ ਦੁਕਾਨ ਦੇ ਇਕ ਮਾਮੂਲੀ ਜਿਹੇ ਸੇਵਕ (ਬਾਬਾ ਬੰਦਾ ਸਿੰਘ ਜੀ ਬਹਾਦਰ) ਨੇ ਮੁਗ਼ਲ ਰਾਜ ਦੀ ਬਸਾਤ ਹੀ ਉਲਟ ਕੇ ਰਖ ਦਿਤੀ। ਫਿਰ ਇਸ ਤੋਂ ੫੦ ਸਾਲ ਬਾਅਦ ਇਸ "ਪਵਿੱਤਰ ਦੁਕਾਨ" ਦਾ ਸੇਵਕ ਸੁਲਤਾਨੁਲ-ਕੌਮ ਬਣ ਕੇ ਲਾਹੌਰ ਦੇ ਤਖ਼ਤ ਤੇ ਬਿਰਾਜ ਗਿਆ, ਉਸੇ ਲਾਹੌਰ ਵਿਚ ਜਿਥੇ ਗੁਰੂ ਸਾਹਿਬ ਨੂੰ ਸ਼ਹੀਦ ਕੀਤਾ ਗਿਆ ਸੀ, ਮੁਗ਼ਲ ਰਾਜ ਦੇ ਕੂੜ ਦੇ ਪਸਾਰੇ ਨੂੰ ਹੂੰਜਾ ਫੇਰ ਕੇ ਰਾਵੀ ਵਿਚ ਰੋੜ੍ਹ ਦਿਤਾ। ਫਿਰ ਅਗਲੇ ੫੦ ਸਾਲਾਂ ਵਿਚ ਦੁਨੀਆ ਨੇ ਸਿੰਘਾਂ ਹੱਥੋਂ ਮੁਗ਼ਲ ਰਾਜ ਦੀਆਂ ਧੱਜੀਆਂ ਉਡਦੀਆਂ ਵੇਖੀਆਂ। ਇਹ ਮਿਸਲਾਂ ਦਾ ਸਮਾਂ ਸੀ। ਇਸੇ ਹੀ ਸਮੇਂ ਵਿਚ ਉਸ ਦੁਕਾਨ ਦਿਆਂ ਸਿੰਘਾਂ ਸਰਦਾਰਾਂ ਦਿੱਲੀ ਨੂੰ ੨੨ ਵਾਰ ਲੁੱਟਿਆ। ਫਿਰ ਉਸ "ਦੁਕਾਨ" ਦਿਆਂ ਸੇਵਕਾਂ ਦਾ ਰਾਜ ਬਣਿਆ। ਮੁਗ਼ਲ ਰਾਜ ਦਿਲੀ ਦੀ ਖੁਡ ਵਿਚ ਜਾ ਵੜਿਆ।

ਕੋਈ ਵੀ ਇਨਸਾਫ਼-ਪਸੰਦ ਇਤਿਹਾਸ ਦਾ ਰਸੀਆ ਨਿਰਪੱਖ ਹੋ ਕੇ ਤੱਕ ਸਕਦੈ ਕਿ ਉਹ ਦੁਕਾਨ ਤਾਂ ਦੁਨੀਆ ਦੇ ਬਾਜ਼ਾਰ ਵਿਚ ਇਕ ਅਜ਼ੀਮ ਦੁਕਾਨ ਬਣ ਗਈ ਤੇ ਉਸ ਦਾ ਸੌਦਾ ਸਾਰੇ ਸੰਸਾਰ ਵਿਚ ਹੱਥੋ ਹੱਥ ਵਿਕਦਾ ਹੈ, ਕਾਰੋਬਾਰ ਚਹੁੰ ਕੂੰਟੀ ਦਿਨੋ ਦਿਨ ਫੈਲਦਾ ਜਾ ਰਿਹਾ ਹੈ, ਪਰ ਉਸ "ਦੁਕਾਨ" ਬੰਦ ਕਰਨ ਵਾਲੇ ਮੁਗ਼ਲ ਰਾਜ ਦਾ, ਸਦੀਆਂ ਹੋ ਗਈਆਂ, ਕਿਧਰੇ ਨਾਮੋ ਨਿਸ਼ਾਨ ਵੀ ਨਹੀਂ ਮਿਲਦਾ। ਓਸੇ ਲਾਹੌਰ, ਸ਼ਾਹਦਰੇ ਵਿਖੇ ਜਹਾਂਗੀਰ ਦੀ ਕਬਰ ਤੇ ਕੁੱਤੇ ਪਏ ਮੂਤਦੇ ਹਨ, ਕੋਈ ਹਟਾਉਣ ਵਾਲਾ ਨਹੀਂ ਦਿਸਦਾ।

(੨) ਮੁਰਤਜ਼ਾ ਖ਼ਾਨ ਦੇ ਹਵਾਲੇ ਗੁਰੂ ਸਾਹਿਬ ਦਾ ਘਰ ਘਾਟ, ਜ਼ਮੀਨ ਜਾਇਦਾਦ ਉਨ੍ਹਾਂ ਦੇ ਖ਼ੂਹ ਤੇ ਪੁਤਰ ਨੂੰ ਕਰ ਦਿਤਾ ਸੀ। ਸ਼ਾਇਦ ਕੀਤੇ ਪਾਪ ਨੇ ਉਸ ਦਾ ਦਿਲ ਕੰਬਾ ਦਿਤਾ ਹੋਵੇ, ਉਸ ਨੇ ਗੁਰੂ ਸਾਹਿਬ ਦੇ ਘਰ ਦੇ ਕਿਸੇ ਜੀਅ ਨੂੰ ਨਹੀਂ ਫੜਿਆ, ਨਾ ਕੁਝ ਕਿਹਾ। ਜ਼ਮੀਨ ਜਾਇਦਾਦ ਤੇ ਘਰ ਬਾਰ ਵੀ ਉਨ੍ਹਾਂ ਦੇ ਪਾਸ ਹੀ ਰਹੇ। ਇਹ ਮੁਰਤਜ਼ਾ ਖਾਨ ਸ਼ੇਖ ਅਹਿਮਦ ਦਾ ਸਿਰਕੱਢ ਚੇਲਾ ਸੀ।

www.AKJ.Org



www.AKJ.Org

(੩) ਗੁਰੂ-ਘਰ ਦੇ ਪਰਚਾਰ ਵਿਚ ਕੋਈ ਰੋਕ ਨਹੀਂ ਪਈ, ਸਗੋਂ ਗੁਰੂ ਘਰ ਦੀ ਪ੍ਰਚਲਤ ਸਾਦਾ ਰਸਮ ਅਨੁਸਾਰ ਗੁਰ ਗੱਦੀ ਤੇ ਗੁਰੂ ਹਰਿਗੋਬਿੰਦ ਸਾਹਿਬ ਸੁਸ਼ੋਭਤ ਹੋਏ। ਇਸ ਵਾਰ ਫਰਕ ਇਹ ਪਾਇਆ ਗਿਆ, ਕਿ ਛੇਵੀਂ ਪਾਤਸ਼ਾਹੀ ਨੇ ਦੋ ਸ੍ਰੀ ਸਾਹਿਬ ਮੀਰੀ ਤੇ ਪੀਰੀ ਦੇ ਧਾਰਨ ਕੀਤੇ। ਮੀਰੀ ਤੇ ਪੀਰੀ ਅਕਾਲ ਪੁਰਖ ਵਲੋਂ ਮਿਹਰੰਮਤ ਹੋਈਆਂ।

(੪) ਇਸ ਪਰਚਾਰ ਵਿਚ ਰੋਕ ਨਾ ਪੈਂਦੀ ਵੇਖ ਕੇ ਬਾਬਾ ਪ੍ਰਿਥੀ ਚੰਦ ਦਾ ਘਰਾਣਾ, ਜੋ ਮਿਹਰਬਾਨ ਲਈ ਗੁਰ-ਗੱਦੀ ਦੀ ਆਸ ਲਾਈ ਬੈਠਾ ਸੀ, ਮਾਯੂਸੀ ਵਿਚ ਡੁਬ ਗਿਆ। ਜੁਗਾਂ ਜੁਗਾਂਤਰਾਂ ਲਈ ਮੂੰਹ ਵੀ ਕਾਲਾ ਕਰਵਾਇਆ ਤੇ ਪੱਲੇ ਵੀ ਕੁਝ ਨਾ ਪਿਆ। ਇਸ ਸਿਲਸਿਲੇ ਵਿਚ ਮੁਹੰਮਦ ਕਲੀਜ਼ ਖਾਨ ਨੇ, ਜੋ ਉਸ ਵੇਲੇ ਲਾਹੌਰ ਦਾ ਸੂਬੇਦਾਰ ਸੀ ਅਤੇ ਮੁਰਤਜ਼ਾ ਖਾਨ, ਜੋ ਬਾਦਸ਼ਾਹ ਦਾ ਸਿਫਾਰਸ਼ੀ ਅਤੇ ਭਰੋਸੇ ਯੋਗ ਨਿਕਟਵਰਤੀ, ਤੇ ਮੁਜੱਦਦ ਦਾ ਹਿੱਕ ਦਾ ਵਾਲ ਸੀ, ਅਤੇ ਬਾਦਸ਼ਾਹ ਨੇ ਮਿਹਰਬਾਨ ਨੂੰ ਗੁਰ-ਗੱਦੀ ਤੇ ਬਿਠਾਉਣ ਲਈ ਉਨ੍ਹਾਂ ਨੂੰ ਮੂੰਹ ਨਹੀਂ ਲਾਇਆ।

(੫) ਸਿੱਖੀ ਦੇ ਪਰਚਾਰ ਵਿਰੁਧ ਜਾਂ ਸਿੱਖੀ ਨੂੰ ਮੂਲੋਂ ਹੀ ਖ਼ਤਮ ਕਰ ਦੇਣ ਲਈ ਬਾਦਸ਼ਾਹ ਨੇ ਫਿਰ ਕੋਈ ਨਵਾਂ ਹੁਕਮ ਸਾਦਰ ਨਹੀਂ ਕੀਤਾ। ਹੁਣ ਪਰਚਾਰ ਜ਼ੋਰਾਂ ਸ਼ੋਰਾਂ ਨਾਲ ਹੋਣ ਲੱਗਾ ਤੇ ਲੋਕ ਧੜਾ ਧੜ ਗੁਰੂ ਸਾਹਿਬ ਪਾਸ ਆ ਕੇ ਸਿਖ ਬਣਨ ਲੱਗੇ। ਹਥਿਆਰ ਤੇ ਘੋੜੇ ਇਕੱਤਰ ਹੋਣੇ ਸ਼ੁਰੂ ਹੋਏ। ਹੁਣ ਸਿਖ ਦੇ ਇਕ ਹੱਥ ਵਿਚ ਮਾਲਾ ਤੇ ਦੂਜੇ ਵਿਚ ਕਿਰਪਾਨ ਸੀ। ਜ਼ੁਲਮ ਦੇ ਟਾਕਰੇ ਲਈ ਅਥਾਹ ਰੋਹ ਚੜ੍ਹ ਗਿਆ। ਗੁਰੂ ਅਰਜਨ ਦੇਵ ਦੀ ਜੋ ਚਰਬੀ ਦੇਗ ਵਿਚ ਤੇ ਲੋਹ ਤੇ ਸੜਦੀ ਰਹੀ, ਉਹ ਆਹਲੀ ਨਹੀਂ ਗਈ। ਉਸ ਚਰਬੀ ਨੇ ਮੀਰੀ ਪੀਰੀ ਦੀਆਂ ਦੋ ਤੇਗਾਂ ਦਾ ਰੂਪ ਧਾਰਿਆ, ਜੋ ਗੁਰੂ ਹਰਿਗੋਬਿੰਦ ਸਾਹਿਬ ਦੇ ਪਵਿੱਤਰ ਸਰੀਰ ਦੇ ਸੱਜੇ ਖੱਬੇ, ਸੁਸ਼ੋਭਤ ਹੋਈਆਂ। ਗੁਰੂ ਸਾਹਿਬ ਦੀ ਸ਼ਹਾਦਤ ਨੇ ਸਮੇਂ ਦਾ ਰੁਖ਼ ਹੀ ਬਦਲ ਦਿਤਾ।

ਲਾਹੌਰ ਦੀਆਂ ਸਾਰੀਆਂ ਮਸੀਤਾਂ ਵਿਚ ਬਾਦਸ਼ਾਹ ਜਹਾਂਗੀਰ ਦੇ ਨਾਂ ਦਾ ਖ਼ੁਤਬਾ ਪੜ੍ਹਿਆ ਗਿਆ। ਪਰ ਕੇਵਲ ਤੇ ਕੇਵਲ ਸਾਈਂ ਮੀਆਂ ਮੀਰ, ਜੋ ਇਸਲਾਮ ਧਰਮ ਦੀ ਉਚ ਕੋਟੀ ਦੀ ਬਜ਼ੁਰਗ ਹਸਤੀ ਸਨ, ਗੱਜ ਵੱਜ ਕੇ ਇਨਕਾਰ ਕਰਦਿਆਂ ਕਿਹਾ ਕਿ ਮੈਂ ਇਹੋ ਜਿਹੇ ਬੇ-ਇਨਸਾਫ ਬਾਦਸ਼ਾਹ ਦੇ ਨਾਂ ਖ਼ੁਤਬਾ ਪੜ੍ਹਨਾ ਤਾਂ ਇਕ ਪਾਸੇ, ਇਸਨੂੰ ਪੜ੍ਹਨ ਬਾਰੇ ਸੋਚ ਵੀ ਨਹੀਂ ਸਕਦਾ। ਬਾਦਸ਼ਾਹ ਨੂੰ ਸ਼ਿਕਾਇਤ ਕੀਤੀ ਗਈ, ਉਸ ਨੇ ਉਫ ਤੱਕ ਨਹੀਂ ਕੀਤੀ। ਉਸਨੂੰ ਆਪਣੇ ਸਿਆਹ ਕਾਰਨਾਮੇ ਦਾ ਪਤਾ ਸੀ ਤੇ ਸਾਈਂ ਮੀਆਂ ਮੀਰ ਜੀ ਇਸ ਤੋਂ ਅਤਿਅੰਤ ਦੁਖੀ ਸਨ।

ਬਾਦਸ਼ਾਹ ਨੂੰ ਵਰਗਲਾ ਫੁਸਲਾ ਕੇ ਮੁਜੱਦਦ ਅਲਫ ਸਾਨੀ ਨੇ ਆਪਣੇ ਰਾਹ 'ਚੋਂ ਗੁਰੂ ਸਾਹਿਬ ਨੂੰ ਤਾਂ ਹਟਵਾ ਲਿਆ, ਪਰ ਸਿੱਖੀ ਦੇ ਸੰਚਾਰ, ਜਿਸ ਨੂੰ ਉਹ ਇਸਲਾਮ ਲਈ ਹਾਨੀਕਾਰਕ ਸਮਝਦਾ ਸੀ, ਦੇ ਠਾਠਾਂ ਮਾਰਦੇ ਚੜ੍ਹੇ ਆ ਰਹੇ ਦਰਿਆ ਨੂੰ ਆਪਣੀਆਂ ਕਮੀਨੀਆਂ ਹਰਕਤਾਂ ਨਾਲ, ਜੋ ਉਹ ਤੇ ਉਸ ਦੇ ਪਿਛੋਂ ਉਸ ਦੇ ਪਿਛਲੱਗ ਕਰਦੇ ਰਹੇ, ਠੱਲ੍ਹ ਨਹੀਂ ਸਕਿਆ। ਗੁਰੂ ਸਾਹਿਬ ਦੀ ਸ਼ਹਾਦਤ ਕਾਰਨ ਉਪਜਿਆ ਪਰਿਵਰਤਨ ਤੇ ਉਸ ਦਾ ਦਿਨੋ ਦਿਨ ਵਧਦਾ ਹੀ ਜਾਣਾ, ਮੁਜੱਦਦ ਦੇ ਮੁਜੱਦਦਪੁਣੇ ਦੇ ਮੂੰਹ ਤੇ ਭਰਪੂਰ ਥੱਪੜ ਸੀ। ਯਾਦ ਰੱਖਣਾ ਚਾਹੀਦਾ ਹੈ ਕਿ ਮੁਸਲਮਾਨਾਂ ਤੇ ਗ਼ੈਰ-ਮੁਸਲਮਾਨਾਂ ਦੇ ਪਰਸਪਰ ਪਿਆਰ ਦੇ ਸੰਬੰਧਾਂ ਦੇ ਖਲਵਾੜੇ ਵਿਚ ਜੋ ਉਹ ਮੁਆਤਾ ਲਾ ਗਿਆ ਹੈ, ਉਸਦੀ ਲਾਈ ਇਹ ਅੱਗ ਸਭਨਾਂ ਦੇ ਸੀਨਿਆਂ ਵਿਚ ਦੇਰ ਤਕ ਸੁਲਗਦੀ ਰਹੇਗੀ। ਦੋਹਾਂ ਪਾਸਿਆਂ ਦੇ ਸਿਆਣੇ ਦਿਮਾਗ ਮਿਲ ਕੇ, ਸਮਾਂ ਪਾ ਕੇ, ਉਸਦੇ ਫੈਲਾਏ ਜ਼ਹਿਰ ਦਾ ਤੋੜ ਤਰਿਆਕ ਲਭਣ ਵਿਚ ਇਕ ਦਿਨ ਅਵੱਸ਼ ਸਫਲ ਹੋਣਗੇ। ਸਮਾਂ ਹੀ ਹਰ ਮਰਜ਼ ਦਾ ਨਿਪਟ ਇਲਾਜ ਹੁੰਦਾ ਹੈ। ਹਰ ਦਰਦਮੰਦ ਦਿਲ ਨੂੰ, ਭਾਵੇਂ ਮੁਸਲਮਾਨ ਹੈ ਜਾਂ ਗੈਰ-ਮੁਸਲਮਾਨ, ਸਫ਼ਲਤਾ ਲਈ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ। ਉਸ ਦੇ ਘਰ ਵਿਚ ਰਹਿਮਤਾਂ ਦਾ ਘਾਟਾ ਨਹੀਂ।

www.AKJ.Org


www.AKJ.Org

**ਖ਼ੁਦ-ਕੁਸ਼ੀ ਨਹੀਂ, ਸਗੋਂ ਇਕ ਅਜ਼ੀਮ ਸ਼ਹਾਦਤ—**

ਇਹ ਗੱਲ ਭਾਵੇਂ ਤੌਜ਼ਕਿ-ਜਹਾਂਗੀਰੀ ਦੇ ਚਾਲੂ ਮਜ਼ਮੂਨ ਨਾਲ ਕਤਈ ਕੋਈ ਸਿਧਾ ਸੰਬੰਧ ਨਹੀਂ ਰਖਦੀ, ਪਰ ਬਾਕੀ ਭੁਲੇਖਿਆਂ ਵਾਂਗ ਇਹ ਭੁਲੇਖਾ ਵੀ ਅੰਨ੍ਹੀ ਸ਼ਰਧਾ ਤੇ ਇਤਿਹਾਸ ਪੱਖੋਂ ਅਗਿਆਨਤਾ ਕਾਰਨ ਗੁਰੂ ਅਰਜਨ ਦੇਵ ਦੇ ਮਹਾਨ ਬਲੀਦਾਨ ਦੇ ਚਮਕਦਾਰ ਸੂਰਜ ਨੂੰ ਆਤਮ-ਹੱਤਿਆ ਦਾ ਗ੍ਰਹਿਣ ਲਾਉਣ ਲਈ ਕਈ ਸਿਖ ਇਤਿਹਾਸਕਾਰ ਹੀ ਪੇਸ਼-ਪੇਸ਼ ਹਨ। ਇਹੋ ਜਿਹਿਆਂ ਤੇ ਇਸ ਕਮਾਸ਼ ਦਿਆਂ ਹੋਰ ਅਕਲ ਦਿਆਂ ਅੰਨ੍ਹਿਆਂ ਨੇ ਇਹ ਗੱਲ ਪ੍ਰਚਲਤ ਕਰ ਰਖੀ ਹੈ ਜਦ ਚੰਦੂ ਗੁਰੂ ਸਾਹਿਬ ਨੂੰ ਦੇਗ ਵਿਚ ਉਬਾਲ ਤੇ ਲੋਹ ਤੇ ਬਿਠਾ, ਸੜਦੀ ਰੇਤ ਦੇ ਕੜਛੇ ਪੁਆਂ ਪੁਆ ਆਪਣੀ ਗੱਲ ਗੁਰੂ ਸਾਹਿਬ ਨੂੰ ਮਨਵਾਉਣ ਵਿਚ ਸਫਲ ਨਾ ਹੋ ਸਕਿਆ ਤਾਂ ਉਸ ਨੇ ਗਊ ਦੀ ਸਜਰੀ ਖੱਲ ਉਤਰਵਾ ਮੰਗਵਾਈ ਤੇ ਗੁਰੂ ਸਾਹਿਬ ਨੂੰ ਧਮਕੀ ਦਿਤੀ ਕਿ ਜੇ ਤੁਸੀਂ ਹੁਣ ਵੀ ਨਾ ਮੰਨੇ ਤਾਂ ਤੁਹਾਨੂੰ ਇਸ ਵਿਚ ਸਿਉਂ ਦਿਤਾ ਜਾਵੇਗਾ। ਗੁਰੂ ਜੀ ਨੇ ਜਦ ਚੰਦੂ ਦੀ ਇਹ ਨੀਤ ਵੇਖੀ ਤਾਂ ਕਿਹਾ ਕਿ ਸਾਨੂੰ ਇਕ ਵਾਰ ਰਾਵੀ ਵਿਚ ਇਸ਼ਨਾਨ ਕਰ ਲੈਣ ਦੇ, ਫੇਰ ਸਾਡੇ ਨਾਲ ਜੋ ਤੇਰਾ ਮਨ ਕਰੇ, ਕਰ ਲੈਣਾ। ਚੰਦੂ ਨੇ ਰਾਵੀ ਵਿਚ ਇਸ਼ਨਾਨ ਦੀ ਆਗਿਆ ਦੇ ਦਿਤੀ। ਗੁਰੂ ਜੀ ਰਾਵੀ ਤੇ ਜਾ ਕੇ ਇਸ਼ਨਾਨ ਲਈ ਦਰਿਆ ਵਿਚ ਉਤਰ ਗਏ ਤੇ ਉਥੇ ਹੀ ਪ੍ਰਾਣ ਤਿਆਗ ਦਿਤੇ। ਸਰੀਰ ਨੂੰ ਦਰਿਆ ਦੀਆਂ ਲਹਿਰਾਂ ਵਹਾ ਕੇ ਲੈ ਗਈਆਂ। ਕਈ ਕਹਿੰਦੇ ਹਨ ਕਿ ਗੁਰੂ ਜੀ ਇਸ਼ਨਾਨ ਕਰ ਕੇ ਬਾਹਰ ਆਏ ਤੇ ਫਿਰ ਜੋਤੀ ਜੋਤਿ ਸਮਾ ਗਏ। ਸਾਰਿਆਂ ਨੇ ਥੋੜੇ ਬਹੁਤੇ ਫ਼ਰਕ ਨਾਲ ਇਹੋ ਹੀ ਮੰਨਿਆ ਹੈ।

ਥੋੜ੍ਹੀ ਜਿਹੀ ਵਿਚਾਰ ਵੀ ਸਾਨੂੰ ਇਸ ਨਤੀਜੇ ਤੇ ਲੈ ਜਾਵੇਗੀ ਕਿ ਗਊ ਦੀ ਖਲ ਵਿਚ ਮੜ੍ਹੇ ਜਾਣ ਤੋਂ ਡਰ ਕੇ ਰਾਵੀ ਵਿਚ ਇਸ਼ਨਾਨ ਕਰਨ ਦਾ ਬਹਾਨਾ ਲਾਇਆ ਤੇ ਦਰਿਆ ਵਿਚ ਜਾ ਕੇ ਆਪਣੇ ਆਪ ਨੂੰ ਡੋਬ ਕੇ ਜ਼ਿੰਦਗੀ ਖ਼ਤਮ ਕਰ ਦਿਤੀ। ਸਿੱਧੀ ਗੱਲ ਇਹ ਕਿ ਖ਼ੁਦ-ਕੁਸ਼ੀ, ਭਾਵ, ਆਤਮ-ਘਾਤ ਕਰ ਲਿਆ। ਕੁਝ ਮੂੜ੍ਹ ਇਤਿਹਾਸਕਾਰਾਂ ਦਾ ਅਜਿਹਾ ਲਿਖਣਾ ਸਤਿਗੁਰੂ ਜੀ ਦੀ ਮਹਾਨ ਲਾਸਾਨੀ ਸ਼ਹੀਦੀ ਤੇ ਪਾਣੀ ਫੇਰਨ ਵਾਲੀ ਗੱਲ ਹੈ।

ਗਊ ਦੀ ਖੱਲ ਵਾਲੀ ਗੱਲ ਨੂੰ ਠੰਡੇ ਦਿਲ ਨਾਲ ਵਿਚਾਰਨ ਦੀ ਲੋੜ ਹੈ। ਗੁਰੂ ਅਰਜਨ ਦੇਵ ਜੀ ਉਬਲਦੀ ਦੇਗ ਵਿਚ ਬੈਠੇ, ਵੈਰੀ ਨੂੰ ਤਸੱਲੀ ਨਹੀਂ ਹੋਈ। ਤਪਦੀ ਲੋਹ ਤੇ ਬੈਠਣ ਲਈ ਕਿਹਾ, ਉਨ੍ਹਾਂ ਉਸ ਤੇ ਵੀ ਚੌਕੜਾ ਲਾ ਲਿਆ। ਹੋਰ ਕਹਿਰ ਕੀਤਾ, ਅੱਗ ਵਰਗੀ ਤੱਤੀ ਰੇਤ ਨੰਗੇ ਜਿਸਮ ਅਤੇ ਸੀਸ ਵਿਚ ਪਾਈ। ਜਿਸ ਮਹਾਨ ਵਿਅਕਤੀ ਨੇ ਇਹ ਸਭ ਕੁਝ ਵਾਹਿਗੁਰੂ ਦਾ ਭਾਣਾ ਮਿੱਠਾ ਕਰ ਕੇ ਮੰਨਦਿਆਂ, ਖਿੜੇ ਮੱਥੇ ਸਹਾਰਿਆ ਹੋਵੇ, ਉਸ ਦਾ ਦਿਲ ਗਊ ਦੀ ਕੱਚੀ ਖੱਲ ਵਿਚ ਮੜ੍ਹੇ ਜਾਣ ਤੋਂ ਡੋਲ ਗਿਆ ਹੋਵੇ ਤੇ ਉਸ ਗੁਰੂ ਨੇ, ਜੋ ਸੱਚ ਤੇ ਪ੍ਰੇਮ ਪਿਆਰ ਦਾ ਧਾਰਨੀ ਹੈ, ਜਿਸ ਦੀ ਆਤਮਾ ਸੱਚ ਦਾ ਚਾਨਣ-ਮੁਨਾਰਾ ਹੈ, ਦਰਿਆ ਵਿਚ ਇਸ਼ਨਾਨ ਕਰਨ ਦਾ ਝੂਠਾ ਬਹਾਨਾ ਬਣਾ ਕੇ, ਦਰਿਆ ਤੇ ਜਾ ਕੇ ਆਤਮ-ਘਾਤ ਕਰਨ ਵਾਲਿਆਂ ਵਾਂਗ ਪ੍ਰਾਣ ਤਿਆਗੇ ਹੋਣ, ਇਹ ਸਭ ਕੋਰਾ ਝੂਠ ਹੈ।

ਗੁਰੂ ਸਾਹਿਬ ਨਾਲ ਜੋ ਭਾਣਾ ਵਾਪਰਿਆ, ਦੁਸ਼ਟਾਂ ਪਾਪੀਆਂ ਜੋ ਉਨ੍ਹਾਂ ਨਾਲ ਕੀਤੀ, ਕੋਈ ਕਹਿਣ ਸੁਣਨ ਵਾਲੀ ਗੱਲ ਨਹੀਂ। ਇਹ ਜ਼ੁਲਮੀ ਕਾਟਾ ਵੇਖ ਕੇ ਅਤੀ ਕੋਮਲ ਹਿਰਦੇ ਵਾਲੇ ਸਾਈਂ ਮੀਆਂ ਮੀਰ ਵੀ ਨਹੀਂ ਸਨ ਸਹਾਰ ਸਕੇ। ਉਨ੍ਹਾਂ ਦਾ ਦਿਲ ਤੜਪ ਉਠਿਆ ਸੀ। ਇਥੋਂ ਅਨੁਭਵ ਹੁੰਦਾ ਹੈ ਕਿ ਸਾਹਿਬਾਂ ਨਾਲ ਕੀ ਵਾਪਰ ਰਹੀ ਸੀ। ਦੇਗ ਵਿਚ ਉਬਾਲੇ ਜਾਣਾ, ਲੋਹ ਤੇ ਬੈਠਣਾ, ਉਤੋਂ ਸੜਦੀ ਰੇਤ ਪੈਣੀ, ਹੱਡ ਮਾਸ ਲਹੂ ਚਰਬੀ ਦਾ ਬਣਿਆ ਸਰੀਰ ਕਿੰਨਾ ਕੁ ਚਿਰ ਇਨ੍ਹਾਂ ਤਸੀਹਾਂ ਅੱਗੇ ਸਹੀ ਸਲਾਮਤ ਰਹਿ ਸਕਦਾ ਸੀ। ਭਾਵੇਂ ਸਾਰਾ ਸਰੀਰ ਝੁਲਸ ਚੁਕਿਆ ਸੀ, ਪਰ ਉਨ੍ਹਾਂ ਦੀ ਆਤਮਾ ਅਡੋਲ ਸੀ।

ਸ਼ਹੀਦੀ ਸਮੇਂ ਇਸ ਉਚ ਆਤਮ-ਅਵਸਥਾ ਦਾ ਜ਼ਿਕਰ ਭਾਈ ਗੁਰਦਾਸ ਜੀ ਕਰਦੇ ਹੋਏ ਲਿਖਦੇ ਹਨ ਕਿ ਭੀੜ ਪੇਣ ਤੇ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਬਦ-ਸੁਰਤ ਵਿਚ ਲਿਵ, ਮ੍ਰਿਗ ਦੇ www.AKJ.Org ਜੁੜੀ

www.AKJ.Org

ਹੋਈ ਸੀ। ਉਹ ਦਰੀਆਉ-ਗੁਰੂ ਦੇ ਚਰਨਾਂ ਵਿਚ ਮਿਲੇ ਹੋਏ ਮੱਛੀ ਵਾਂਗ ਤਾਰੀਆਂ ਲੈਂਦੇ, ਉਚੀ ਪ੍ਰੀਤ ਦੇ ਪੂਰਨੇ ਪਾ ਰਹੇ ਸਨ ਅਤੇ ਪਪੀਹੇ ਵਾਂਗ ਨਾਮ (ਗੁਰ-ਉਪਦੇਸ਼) ਦੀ ਧੁੰਨੀ ਨਾਲ ਮਿਲੇ ਹੋਏ, ਸਹਜ ਸਮਾਧੀ ਵਿਚ ਪਿਰਮ-ਰਸ ਦੇ ਸੁਖ-ਫਲ ਨੂੰ ਮਾਣ ਰਹੇ ਸਨ। ਉਹ ਪਉੜੀ ਇਉਂ ਹੈ—

ਰਹਿੰਦੇ ਗੁਰ-ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ॥
ਦਰਸਨੁ ਦੇਖਿ ਪਤੰਗ ਜਿਉ, ਜੋਤੀ ਅੰਦਰਿ ਜੋਤਿ ਸਮਾਣੀ॥
ਸਬਦੁ ਸੁਰਤਿ ਲਿਵ ਮਿਰਗ ਜਿਉ, ਭੀੜ ਪਈ ਚਿਤਿ ਅਵਰੁ ਨ ਆਣੀ॥
ਚਰਨ ਕਵਲ ਮਿਲਿ ਭਵਰ ਜਿਉ, ਸੁਖ ਸੰਪਟ ਵਿਚਿ ਰੈਣ ਵਿਹਾਣੀ॥
ਗੁਰ ਉਪਦੇਸੁ ਨ ਵਿਸਰੈ, ਬਾਬੀਹੇ ਜਿਉ ਆਖਿ ਵਖਾਣੀ॥
ਗੁਰਮੁਖਿ ਸੁਖ ਫਲੁ ਪਿਰਮ ਰਸੁ, ਸਹਜ ਸਮਾਧਿ ਸਾਧ ਸੰਗਿ ਜਾਣੀ॥
ਗੁਰ ਅਰਜਨ ਵਿਟਹੁ ਕੁਰਬਾਣੀ॥ [ਵਾਰ ੨੪ ਪਉੜੀ ੨੩

ਮਹਾਰਾਜਾ ਰਣਜੀਤ ਸਿੰਘ ਦੇ ਲਾਹੌਰ ਦਰਬਾਰ ਦਾ ਇਤਿਹਾਸਕਾਰ ਤੇ ਰੋਜ਼ਨਾਮਚਾ-ਨਵੀਸ ਲਾਲਾ ਸੋਹਣ ਲਾਲ ਸੂਰੀ ਆਪਣੀ ਫ਼ਾਰਸੀ ਪੁਸਤਕ "ਅਮਦ-ਤੁ-ਤਵਾਰੀਖ਼" ਵਿਚ ਇਸ ਅਲੌਕਿਕ ਸ਼ਹੀਦੀ ਦੀ ਤਸਦੀਕ ਇਸ ਤਰ੍ਹਾਂ ਕਰਦਾ ਹੈ—

"ਬਾਅਦ ਅਜ਼ ਜ਼ਹੂਰਿ ਬਾਅਜ਼ੇ ਮੁਕੱਦਮਾਤ ਨਾ ਮੁਲਾਇਮ ਜ਼ਾਤਿ-ਆਲੀ ਰਾ ਦਰ ਬਹਰ ਰਾਵੀ,ਅੰਦਾਖ਼ਤੰਦ।"

ਅਰਥਾਤ, ਕੁਝ ਸਖ਼ਤੀਆਂ ਤਸੀਹੇ ਹੋਣ ਤੋਂ ਪਿਛੋਂ ਉਸ ਮਹਾਨ ਹਸਤੀ (ਗੁਰੂ ਸਾਹਿਬ) ਨੂੰ ਰਾਵੀ ਦਰਿਆ ਵਿਚ ਸੁੱਟਿਆ ਗਿਆ।

ਪ੍ਰਾਚੀਨ ਪੰਥ ਪ੍ਰਕਾਸ਼ ਦਾ ਕਰਤਾ ਸ: ਰਤਨ ਸਿੰਘ ਭੰਗੂ, ਇਸ ਦਾ ਬੜੇ ਸਾਫ਼ ਸ਼ਬਦਾਂ ਵਿਚ ਜ਼ਿਕਰ ਕਰਦਾ ਹੈ—"ਕੇ ਗੁਰੂ ਅਰਜਨ ਦਰਿਆ ਨਾ ਬੋੜਿਓ ?" ਅਰਥਾਤ, ਕੀ ਗੁਰੂ ਅਰਜਨ ਨੂੰ ਦਰਿਆ ਵਿਚ ਨਹੀਂ ਸੀ ਬੋੜਿਆ (ਰੋੜ੍ਹਿਆ) ?

ਇਹ ਗੁਆਹੀਆਂ ਠੋਸ ਸਬੂਤ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਕ ਇਹੋ ਗੱਲ ਮੰਨੀ ਜਾਂਦੀ ਸੀ ਕਿ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਬਹੁਤ ਤਸੀਹੇ ਦਿਤੇ ਗਏ ਸਨ। ਤਸੀਹੇ ਦੇਣ ਲਈ ਹੀ ਗੁਰੂ ਸਾਹਿਬ ਨੂੰ ਰਾਵੀ ਤੇ ਲੈ ਜਾਇਆ ਗਿਆ ਸੀ ਅਤੇ ਉਨ੍ਹਾਂ ਦੀ ਸ਼ਹੀਦੀ ਉਨ੍ਹਾਂ ਕਸ਼ਟਾਂ ਤਸੀਹਾਂ ਕਾਰਨ ਹੀ ਹੋਈ ਸੀ, ਜਿਨ੍ਹਾਂ ਦਾ ਹੁਕਮ ਮਜ਼ਹਬੀ ਤੁਅਸਬ ਵਿਚ ਅੰਨ੍ਹੇ ਹੋਏ ਬਾਦਸ਼ਾਹ ਨੇ ਆਪ ਦਿਤਾ ਸੀ। ਗਊ ਦੀ ਖਲ ਲਿਆਏ ਜਾਣ ਤੇ ਉਸ ਵਿਚ ਮੜ੍ਹੇ ਜਾਣ ਦੀ ਧਮਕੀ ਤੇ ਗੁਰੂ ਸਾਹਿਬ ਵਲੋਂ ਇਸ਼ਨਾਨ ਕਰਨ ਦੀ ਆਗਿਆ ਮੰਗਣ ਦੀ ਗੱਲ ਮਗਰੋਂ ਦੀ ਘੜੀ ਹੋਈ ਹੈ।

ਗੁਰੂ ਸਾਹਿਬ ਦੀ ਇਹ ਅਲੌਕਿਕ ਸ਼ਹਾਦਤ ਜੁਗੋ ਜੁਗ ਅਟੱਲ ਹੈ, ਜੋ ਧਰਮ ਦਾ ਨਿਸ਼ਾਨ ਬੁਲੰਦ ਰਖਣ ਲਈ ਦਿਤੀ ਗਈ, ਜਿਸ ਦਾ ਹੁਕਮ ਬਾਦਸ਼ਾਹ ਵਲੋਂ ਸੀ ਤੇ ਜਿਸ ਨੂੰ ਬਾਦਸ਼ਾਹ ਸਵੀਕਾਰ ਕਰਦਾ ਹੈ। ਬਾਦਸ਼ਾਹ ਪਾਸ ਗੁਰੂ ਜ਼ੀ ਦੇ ਵਿਰੁਧ ਚੁਗਲੀ ਖਾਣੀ, ਬਾਦਸ਼ਾਹ ਨੂੰ ਭੜਕਾਉਣਾ, ਇਹ ਕੰਮ ਕਰਨ ਵਾਲਿਆਂ ਵਿਚ ਚੰਦੂ ਆਪਣਾ ਕਾਲਾ ਮੂੰਹ ਲੈ ਕੇ ਸਭ ਨਾਲੋਂ ਉਘਾ ਦਿਸਦਾ ਹੈ।

ਹੁਣ ਇਸ ਲੜੀ ਨੇ ਅੱਗੇ ਚਲਣਾ ਹੈ ਤੇ ਉਸ ਬਦ-ਰੂਹ ਦੇ ਕਾਰਿਆਂ ਤਕ ਅਪੜਨਾ ਹੈ ਜੋ ਇਸ ਸਾਰੇ ਘੋਰ ਅਤਿਆਚਾਰ ਭਰੇ ਕਾਰੇ ਦੀ ਜ਼ਿੰਮੇਵਾਰ ਹੈ, ਜਿਨ੍ਹਾਂ ਤ-ਈਂ ਉਨ੍ਹਾਂ ਇਤਿਹਾਸਕਾਰਾਂ ਦੀ ਨਿਗਾਹ ਨਹੀਂ ਅਪੜ ਸਕੀ। ਉਹ ਗੁਰੂ ਸਾਹਿਬ ਦੀ ਸ਼ਹਾਦਤ ਦੇ ਇਸ ਅਦੁੱਤੀ ਸਾਕੇ ਨੂੰ ਚੰਦੂ ਲਾਲ ਸ਼ਾਹੀ ਖਤ੍ਰੀ ਪਿੰਡ ਰੁਹੇਲਾ ਦੀ ਦੁਸ਼ਮਣੀ ਦੁਆਲੇ ਹੀ ਲਪੇਟੀ ਜਾਂਦੇ ਹਨ। ਹਾਕਿਮ ਹਕੂਮਤਾਂ ਚਲਾਉਂਦੇ ਹਨ। ਸਭ ਕੁਝ ਉਨ੍ਹਾਂ ਵਲੋਂ ਤੇ ਉਨ੍ਹਾਂ ਦੇ ਨਾਉਂ ਤੇ ਚਲਦਾ ਹੈ। ਪਰ ਐਸੇ ਕੁਝ ਗ਼ੈਬੀ ਦਿਮਾਗ ਅਤੇ ਹੱਥ ਹੁੰਦੇ ਹਨ ਜੋ ਪਿਛੋਂ ਤਾਰਾਂ ਹਿਲਾ ਹਿਲਾ ਕੇ ਮਨਮਰਜ਼ੀਆਂ ਕਰਦੇ ਹੋਏ ਅਦਿੱਖ ਰਹਿੰਦੇ ਹਨ। ਲੋਕਾਂ ਦਾ ਗੁੱਸਾ ਹਾਕਿਮ (ਬਾਦਸ਼ਾਹ) ਵਲ ਹੋ ਜਾਂਦਾ ਹੈ। ਗ਼ੈਬੀ ਹੱਥ ਜੋ ਖ਼ੂਨ ਨਾਲ ਭਰੇ ਹੁੰਦੇ ਹਨ, ਸਮੇਂ ਦੇ ਪਰਦੇ ਥੱਲੇ ਬੇਦਾਗ਼ ਹੀ ਰਹਿ ਜਾਂਦੇ ਹਨ। ਸਮਾਂ ਆਉਣ ਤੇ

www.AKJ.Org
www.AKJ.Org

ਇਤਿਹਾਸ ਤੇ ਕੌਮ ਦੀ ਖੁਸ਼-ਕਿਸਮਤੀ ਲਈ, ਉਸ ਵਿਚੋਂ ਹੀ ਨਰੋਏ ਦਿਮਾਗ ਉਠਦੇ ਹਨ, ਜੋ ਸਿਆਹ ਕਾਰਨਾਮੇ ਕਰਨ ਵਾਲਿਆਂ ਦੀ ਖ਼ਬਰ ਲੈਂਦੇ ਹਨ ਅਤੇ ਉਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਦਾ ਹੀਜ ਪਿਆਜ਼ ਨੰਗਾ ਕਰ ਕੇ ਦੁਨੀਆ ਦੇ ਸਾਹਮਣੇ ਰਖ ਦੇਂਦੇ ਹਨ। ਇਸ ਪਾਲ ਦੇ ਇਤਿਹਾਸਕਾਰ ਹਨ ਸ: ਕਰਮ ਸਿੰਘ ਹਿਸਟੋਰੀਅਨ, ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ, ਡਾ: ਗੰਡਾ ਸਿੰਘ, ਸੀਤਾ ਰਾਮ ਕੋਹਲੀ, ਡਾ: ਹਰੀ ਰਾਮ ਗੁਪਤਾ, ਇੰਦੂ ਭੂਸ਼ਨ ਬੈਨਰਜੀ, ਆਦਿ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਮੁੱਢ ਜਿਸ ਦਿਮਾਗ ਨੇ ਬੱਧਾ, ਉਹ ਸੀ ਅਮਾਮ ਰੱਬਾਨੀ ਹਜ਼ਰਤ ਸ਼ੇਖ ਅਹਿਮਦ ਸਿਰਹੰਦੀ ਮੁਜੱਦਦ ਅਲਫ ਸਾਨੀ, ਜੋ ਅਕਬਰ ਤੇ ਜਹਾਂਗੀਰ ਦੋਹਾਂ ਦਾ ਸਮਕਾਲੀ ਸੀ।

**ਸੰਖੇਪ ਜ਼ਿਕਰ ਸ਼ੇਖ ਅਹਿਮਦ ਦੀ ਮੁਢਲੀ ਜ਼ਿੰਦਗੀ ਬਾਰੇ—**

ਸ਼ੇਖ਼ ਅਹਿਮਦ ਦਾ ਜਨਮ ੨੬ ਜੂਨ ਸੰਨ ੧੫੬੪ ਈ: ਨੂੰ ਸਿਰਹੰਦ ਵਿਖੇ ਹੋਇਆ। ਇਸ ਦਾ ਨਾਮ ਅਹਿਮਦ, ਉਪਾਧੀ ਬਦਰੁੱਦੀਨ ਬਿਰਦ, ਅਬੁੱਲ ਬਰਕਾਤ (ਬਰਕਤਾਂ ਦਾ ਬਾਪ, ਭਾਵ, ਬਰਕਤਾਂ ਵੰਡਣ ਵਾਲਾ) ਅਤੇ ਅੱਲ ਇਮਾਮ ਰੱਬਾਨੀ ਸੀ। ਇਸ ਦਾ ਬਾਪ ਸ਼ੇਖ ਅਬਦੁਲ ਅਹਦ, ਚੰਗਾ ਵਿਦਵਾਨ ਸੀ ਤੇ ਮੁਜੱਦਦ ਨੇ ਮੁਢਲੀ ਵਿਦਿਆ ਆਪਣੇ ਬਾਪ ਤੋਂ ਘਰ ਹੀ ਲਈ ਸੀ। ਫੇਰ ਜਦ ਥੋੜ੍ਹਾ ਜਿਹਾ ਵੱਡਾ ਹੋਇਆ ਤਾਂ ਸਿਆਲਕੋਟ ਦੇ ਪ੍ਰਸਿਧ ਵਿਦਵਾਨ, ਕਮਾਲ ਕਸ਼ਮੀਰੀ ਤੇ ਯਾਕੂਬ ਕਸ਼ਮੀਰੀ ਦੀ ਸ਼ਾਗਿਰਦੀ ਕੀਤੀ। ਇਸੇ ਤਰ੍ਹਾਂ ਉਸ ਨੇ ਕਾਜ਼ੀ ਬਹਿਲੋਲ ਅਤੇ ਕਾਜ਼ੀ ਬੇਜ਼ਾਵੀ, ਜੋ ਕਿ ਆਪਣੇ ਸਮੇਂ ਦੇ ਬੜੇ ਉਘੇ ਤੇ ਮੰਨੇ-ਪ੍ਰਮੰਨੇ ਮੁਸਲਿਮ ਵਿਦਵਾਨ ਸਨ, ਕੋਲੋਂ ਇਸਲਾਮ ਦੇ ਧਾਰਮਿਕ ਗ੍ਰੰਥ ਪੜ੍ਹੇ। ਇਹ ਖ਼ਤਮ ਕਰ ਕੇ ਉਹ ਹਿੰਦੁਸਤਾਨ ਦੀ ਉਸ ਸਮੇਂ ਦੀ ਰਾਜਧਾਨੀ ਅਕਬਰਾਬਾਦ ਚਲਿਆ ਗਿਆ। ਇਥੇ ਇਸ ਦਾ ਮੇਲ ਅਬੁਲ ਫਜ਼ਲ ਤੇ ਫ਼ੈਜ਼ੀ, ਜੋ ਸ਼ੇਖ ਮੁਬਾਰਕ ਦੇ ਪੁੱਤਰ ਤੇ ਅਕਬਰ ਦੇ ਸਿਰਕੱਢ ਰਤਨ ਸਨ, ਨਾਲ ਹੋਇਆ। ਇਕ ਦੂਜੇ ਪਾਸੋਂ ਉਨ੍ਹਾਂ ਬੜਾ ਲਾਭ ਪ੍ਰਾਪਤ ਕੀਤਾ। ਸਾਹਿਤ ਤੇ ਫ਼ਲਸਫੇ ਨੇ ਇਸ ਤੇ ਅਸਰ ਪਾਇਆ ਤੇ ਉਨ੍ਹਾਂ ਨੇ ਮੁਜੱਦਦ ਦੀ ਵਿਦਿਆ ਦਾ ਪ੍ਰਭਾਵ ਗ੍ਰਹਿਣ ਕੀਤਾ। ਮੁਜੱਦਦ ਤਾਂ ਭਾਵੇਂ ਉਥੇ ਹੋਰ ਦੇਰ ਤਕ ਟਿਕਦਾ, ਪਰ ਉਸ ਦਾ ਬਾਪ ਕੁਝ ਵਰ੍ਹਿਆਂ ਪਿਛੋਂ ਉਸਨੂੰ ਘਰ ਲੈ ਆਇਆ।

ਆਉਂਦੇ ਹੋਏ ਜਦ ਇਹ ਥਾਨੇਸਰ ਪਹੁੰਚੇ ਤਾਂ ਇਹ ਥਾਨੇਸਰ ਦੇ ਇਕ ਰਈਸ ਸ਼ੇਖ ਸੁਲਤਾਨ ਦੇ ਪਾਸ ਠਹਿਰੇ। ਇਹ ਮੁਜੱਦਦ ਦੇ ਬਾਪ ਦਾ ਬੜਾ ਸ਼ਰਧਾਲੂ ਸੀ। ਉਸ ਨੇ ਆਪਣੀ ਲੜਕੀ ਦਾ ਨਿਕਾਹ ਸ਼ੇਖ ਅਹਿਮਦ ਨਾਲ ਕਰ ਦਿੱਤਾ, ਜਿਥੋਂ ਇਸ ਨੂੰ ਏਨਾ ਧਨ ਪ੍ਰਾਪਤ ਹੋਇਆ ਕਿ ਇਹ ਪਰਵਾਰ ਮਾਲਾ-ਮਾਲ ਹੋ ਗਿਆ। ਇਸ ਰੁਪਏ ਨਾਲ ਇਸ ਨੇ ਇਕ ਵਧੀਆ ਹਵੇਲੀ ਤੇ ਮਸਜਿਦ ਆਪਣੇ ਰਹਿਣ ਲਈ ਬਣਵਾ ਲਈ। ਹੁਣ ਇਸ ਹਵੇਲੀ ਦੇ ਇਕ ਪਾਸੇ ਇਸ ਦਾ ਮਜ਼ਾਰ ਬਣਿਆ ਹੋਇਆ ਹੈ ਤੇ ਇਸ ਨੂੰ ਰੌਜ਼ਾ ਸ਼ਰੀਫ ਕਹਿੰਦੇ ਹਨ। ਸਰਹਿੰਦੋਂ ਅੱਗੇ ਫਤਹਗੜ੍ਹ ਸਾਹਿਬ ਗੁਰਦੁਆਰੇ ਤੋਂ ਅੱਧਾ ਕਿਲੋਮੀਟਰ ਹੋਰ ਅਗੇ ਚੰਡੀਗੜ੍ਹ ਵਾਲੀ ਸੜਕ ਤੇ ਇਹ ਸਥਿਤ ਹੈ। ੨੭-੨੮-੨੯ ਸਫ਼ਰ ਨੂੰ ਉਰਸ ਹੁੰਦੇ ਤੇ ਸਾਰੇ ਹਿੰਦੁਸਤਾਨ ਅਤੇ ਬਾਹਰਲੇ ਮੁਲਕਾਂ 'ਚੋਂ ਸਿਲਸਲਾ ਨਕਸ਼-ਬੰਦੀਆਂ ਨਾਲ ਸੰਬੰਧਤ ਮੁਸਲਮਾਨ ਜ਼ਿਆਰਤ ਲਈ ਇਥੇ ਆਉਂਦੇ ਹਨ। ਸੰਨ ੧੫੯੯ ਈ: ਵਿਚ ਸ਼ੇਖ ਅਹਿਮਦ, ਆਪਣੇ ਬਾਪ ਦੀ ਮ੍ਰਿਤੂ ਤੋਂ ਪਿਛੋਂ ਹੱਜ ਕਰਨ ਲਈ ਰਵਾਨਾ ਹੋ ਕੇ ਦਿੱਲੀ ਠਹਿਰਿਆ। ਇਸ ਥੋੜੇ ਜਿਹੇ ਸਮੇਂ ਵਿਚ ਉਹਦੀ ਮੁਲਾਕਾਤ ਖ਼ਵਾਜਾ ਬਾਕ਼ੀ-ਬਿਲਾ ਨਾਲ ਹੋਈ। ਇਸ ਮਿਲਣੀ ਦਾ ਨਤੀਜਾ ਇਹ ਨਿਕਲਿਆ ਕਿ ਸ਼ੇਖ ਅਹਿਮਦ ਖ਼ਵਾਜਾ ਬਾਕ਼ੀ-ਬਿਲਾ ਦਾ ਮੁਰੀਦ ਬਣ ਕੇ ਸਿਲਸਲਾ ਨਕਸ਼ਬੰਦੀਆਂ ਨਾਲ ਜੁੜ ਗਿਆ। ਸ਼ੇਖ ਦਿੱਲੀਓਂ ਅੱਗੇ ਹੱਜ ਨੂੰ ਨਹੀਂ ਗਿਆ, ਸਗੋਂ ਖ਼ਵਾਜਾ ਸਾਹਿਬ ਪਾਸ ਹੀ ਡੇਰਾ ਲਾ ਲਿਆ। ਉਥੇ ਹੀ ਆਤਮਕ ਯਤਨਾਂ ਦੁਆਰਾ ਤਸ਼ੱਵਫ਼ (ਸੂਫ਼ੀ ਮੱਤ) ਦੇ ਸਾਧਨਾਂ ਵਿਚ ਲੀਨ ਹੋ ਕੇ ਸਿਧੀ ਪ੍ਰਾਪਤ ਕਰ ਲਈ। ਉਸ ਦੇ ਤੌਰ-ਤਰੀਕਿਆਂ ਤੇ ਧਾਰਮਿਕ ਗਿਆਨ ਤੇ ਧਾਰਮਿਕ ਮਸਲਿਆਂ ਦੀ ਵਿਆਖਿਆ ਤੋਂ ਖ਼ਵਾਜਾ ਬਾਕ਼ੀ-ਬਿੱਲਾ ਬਹੁਤ ਪ੍ਰਭਾਵਤ ਹੋਇਆ।

[ਚਲਦਾ



www.AKJ.Org

www.AKJ.Org

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਯੋਗਦਾਨ (੨)

[ਪ੍ਰੋ: ਜੋਗਿੰਦਰ ਸਿੰਘ ਜੀ, ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

(ਲੜੀ ਜੋੜਨ ਲਈ ਵੇਖੋ 'ਸੂਰਾ' ਜੂਨ ੧੯੯੩)

(੫)

ਖਾਲਸਾ ਰਾਜ ਦੀ ਸਮਾਪਤੀ ਤੇ ਪੰਜਾਬ ਉਤੇ ਅੰਗਰੇਜ਼ੀ ਰਾਜ ਦੇ ਸਥਾਪਤੀ ਨਾਲ ਇਤਿਹਾਸਕ ਗੁਰ-ਦੁਆਰਿਆਂ ਉਤੇ ਪੁਜਾਰੀ ਤੇ ਮਹੰਤ ਪੂਰੀ ਤਰ੍ਹਾਂ ਕਾਬਜ਼ ਹੋ ਬੈਠੇ ਸਨ। ਨਿਰੰਕਾਰੀ, ਨਾਮਧਾਰੀ ਤੇ ਸਿੰਘ ਸਭਾ ਲਹਿਰਾਂ ਭਾਵੇਂ ਸਿੱਖੀ ਆਦਰਸ਼ਾਂ ਨੂੰ ਉਜਾਗਰ ਕਰਨ ਵਾਸਤੇ ਜੂਝ ਰਹੀਆਂ ਸਨ, ਪਰ ਗੁਰਦਵਾਰਿਆਂ ਉਤੇ ਕਾਬਜ਼ ਪੁਜਾਰੀਆਂ ਤੇ ਮਹੰਤਾਂ ਦੀ ਗੁੰਡਾ-ਗਰਦੀ, ਬਦਮਾਸ਼ੀ, ਅਯਾਸ਼ੀ ਤੇ ਹੋਰ ਲੁੱਟ-ਖਸੁੱਟ ਵਿਰੁੱਧ ਕੋਈ ਵੀ ਲਹਿਰ ਤੇ ਸੰਸਥਾ ਟਕਰਾਉਣ ਲਈ ਤਿਆਰ ਨਹੀਂ ਸੀ। ਅੰਗਰੇਜ਼ ਸਰਕਾਰ ਪੂਰੀ ਤਰ੍ਹਾਂ ਪੁਜਾਰੀਆਂ ਤੇ ਮਹੰਤਾਂ ਦੀ ਪਿੱਠ ਪਿਛੇ ਸੀ। ਪੁਜਾਰੀ ਤੇ ਮਹੰਤ ਇਤਨੇ ਹੰਕਾਰੀ, ਲੋਭੀ ਤੇ ਚਰਿੱਤਰ-ਹੀਣ ਹੋ ਗਏ ਸਨ ਕਿ ਗੁਰ-ਸਥਾਨਾਂ ਵਿਚ ਗੁਰਮਤਿ ਮਰਯਾਦਾ ਨੂੰ ਮੰਨਣ ਤੋਂ ਵੀ ਇਨਕਾਰੀ ਹੋ ਗਏ ਸਨ। ਸਰਕਾਰੀ ਸਹਿਯੋਗ ਤੇ ਗੁੰਡਾ-ਗਰਦੀ ਕਾਰਨ ਜੋ ਉਹਨਾਂ ਦੀ ਮਨ-ਮਰਜ਼ੀ ਸੀ, ਉਹੀ ਕੁਝ ਗੁਰਧਾਮਾਂ ਵਿਚ ਕਰਨ ਲੱਗ ਪਏ ਸਨ। ਅਛੂਤਾਂ ਤੇ ਹੋਰ ਨੀਵੀਂ ਸ਼੍ਰੇਣੀ ਦੇ ਕਹੇ ਜਾਂਦੇ ਸਿੱਖਾਂ ਨੂੰ ਗੁਰਦੁਆਰਿਆਂ ਵਿਚ ਮੱਥਾ ਟੇਕਣ ਤੇ ਪ੍ਰਸ਼ਾਦ ਕਰਾਉਣ ਦੀ ਆਗਿਆ ਨਹੀਂ ਸੀ। ਇਤਿਹਾਸਕ ਗੁਰਦਵਾਰਿਆਂ ਦੇ ਨਿਕਟ ਨਾਚ ਤੇ ਮੁਜਰੇ ਕਰਾਉਣੇ, ਇਹ ਆਮ ਮਹੰਤਾਂ ਦਾ ਸ਼ੌਕ ਬਣ ਗਿਆ ਸੀ। ਇਥੋਂ ਤੱਕ ਕਿ ਕਿਸੇ ਨਿਸ਼ਕਾਮ ਤੇ ਅਖੰਡ ਕੀਰਤਨੀਏ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਕੇਸਗੜ੍ਹ ਸਾਹਿਬ ਉਤੇ ਕੀਰਤਨ ਕਰਨ ਦੀ ਆਗਿਆ ਨਹੀਂ ਸੀ ਦਿਤੀ ਜਾਂਦੀ। ਭਾਈ ਸਾਹਿਬ ਰਣਧੀਰ ਸਿੰਘ ਜੀ ਲਗਾਤਾਰ ਗੁਰ-ਇਤਿਹਾਸਕ ਸਥਾਨਾਂ ਦੀਆਂ ਇਹ ਦੁਖਦਾਇਕ ਤੇ ਚਰਿੱਤਰ-ਹੀਣ ਘਟਨਾਵਾਂ ਸੁਣ ਰਹੇ ਸਨ ਤੇ ਅੰਤਰ-ਆਤਮੇ ਗੁਰੂ ਸਾਹਿਬਾਨ ਪਾਸੋਂ ਬੱਲ ਤੇ ਵਰਦਾਨ ਮੰਗ ਰਹੇ ਸਨ ਕਿ ਇਹਨਾਂ ਪੁਜਾਰੀਆਂ ਤੇ ਮਹੰਤਾਂ ਨੂੰ ਸੋਧਣ ਦੀ ਸੇਵਾ ਤੇ ਸਮਰੱਥਾ ਬਖ਼ਸ਼ਣ। ਭਾਈ ਸਾਹਿਬ ਨੇ ਇਸ ਕਰਤੱਵ ਦੀ ਪੂਰਤੀ ਲਈ ਆਪਣੇ ਆਪ ਨੂੰ ਤਿਆਰ ਕਰਨਾ ਆਰੰਭ ਦਿੱਤਾ। ਕੁਝ ਅੰਮ੍ਰਿਤਧਾਰੀ ਸਿੰਘਾਂ ਨੂੰ ਨਾਲ ਲੈ ਕੇ ਪੰਜਾਬ ਦੇ ਪਿੰਡਾਂ ਵਿਚ ਵਸਦੇ ਅਛੂਤਾਂ ਤੇ ਨੀਵੀਂ ਸ਼੍ਰੇਣੀ ਦੇ ਕਹੇ ਜਾਂਦੇ ਸਿੱਖਾਂ ਨੂੰ ਪਹਿਲਾਂ ਅੰਮ੍ਰਿਤ ਛਕਾ ਛਕਾ ਸਿੰਘ ਸਜਾਇਆ।

ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੇ ਆਪ ਵਿਚ ਇੰਨੇ ਬਿਬੇਕੀ ਸਨ ਕਿ ਅੰਮ੍ਰਿਤਧਾਰੀ ਸਿੰਘ ਭਾਵੇਂ ਅਛੂਤੋਂ ਸੱਜਿਆ ਸਿੰਘ ਸੀ, ਉਸ ਹੱਥੋਂ ਤਾਂ ਪ੍ਰਸ਼ਾਦਾ ਛਕ ਲੈਂਦੇ ਸਨ, ਪਰ ਬੇ-ਅੰਮ੍ਰਿਤੀਏ ਹੱਥੋਂ ਕੁਝ ਛੱਕਣਾ ਯੋਗ ਨਹੀਂ ਸਨ ਸਮਝਦੇ। ਭਾਈ ਸਾਹਿਬ ਨੇ ਗ਼ਰੀਬ-ਅਮੀਰ, ਉਚੇ-ਨੀਵੇਂ, ਜਾਤਿ-ਪਾਤਿ ਦੇ ਫ਼ਰਕਾਂ ਨੂੰ ਕਦੇ ਸਵੀਕਾਰ ਨਹੀਂ ਸੀ ਕੀਤਾ। ਉਹਨਾਂ ਦਾ ਸਪੱਸ਼ਟ ਵਿਚਾਰ ਤੇ ਵਿਸ਼ਵਾਸ ਸੀ ਕਿ 'ਅੰਮ੍ਰਿਤਧਾਰੀ' ਸਭ ਵਿਤਕਰੇ-ਵੰਡਾਂ ਤੋਂ ਆਜ਼ਾਦ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਦਿਨਾਂ ਵਿਚ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਤੱਤ-ਗੁਰਮਤੀ ਸਿੰਘਾਂ ਦਾ ਇਕ ਐਸਾ ਨਿਸ਼ਕਾਮ, ਨਿਡਰ, ਅਖੰਡ ਕੀਰਤਨੀ ਤੇ ਕੁਰਬਾਨੀ-ਪੁੰਜ ਜਥਾ ਬਣਾ ਲਿਆ, ਜਿਸ ਦਾ ਮੁੱਖ ਆਦਰਸ਼ 'ਗੁਰਦੁਆਰਿਆਂ' ਦੀ ਸੇਵਾ ਸੰਭਾਲ ਨੂੰ ਕੁਰਬਾਨੀਆਂ ਕਰ ਕੇ ਵੀ ਸ਼ੁੱਧ ਤੇ ਗੁਰਸਿੱਖ ਹੱਥਾਂ ਤਕ ਪਹੁੰਚਾਣਾ ਸੀ। ਭਾਈ ਸਾਹਿਬ ਨੇ ਪਹਿਲਾਂ ਸਾਬੋ ਕੀ ਤਲਵੰਡੀ ਦੇ ਇਤਿਹਾਸਕ ਸਥਾਨ 'ਦਮਦਮਾ ਸਾਹਿਬ', ਫਿਰ ਸ੍ਰੀ ਕੇਸਗੜ੍ਹ ਸਾਹਿਬ, ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੁਜਾਰੀਆਂ ਤੇ ਮਹੰਤਾਂ ਨੂੰ ਵੰਗਾਰਾਂ ਪਾਈਆਂ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨੇੜੇ ਨਾਚ-ਮੁੱਜਰੇ ਹੁੰਦੇ ਸਨ। ਭਾਈ ਸਾਹਿਬ ਕਦੀ ਕਾਨੂੰਨ ਨੂੰ ਆਪਣੇ ਹੱਥਾਂ ਵਿਚ ਨਹੀਂ ਸਨ ਲੈਂਦੇ, ਪਰ ਉਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਬੇਅੱਦਬੀ ਵੀ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਸਨ। ਜਦੋਂ ਅਧਿਕਾਰੀਆਂ ਤੇ ਪੁਜਾਰੀਆਂ ਨੇ ਉਹਨਾਂ ਦੀ ਆਵਾਜ਼ ਤੇ ਵੰਗਾਰ ਨੂੰ ਨਾ ਸੁਣਿਆ, ਤਾਂ ਭਾਈ ਸਾਹਿਬ, ਜਿਸ ਜੁਰਅਤ ਤੇ ਨਿਡਰਤਾ ਨਾਲ ਸਿੰਘ-ਸ਼ਹੀਦਾਂ ਦਾ ਜੱਥਾ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ, ਉਸ ਦਾ ਇਕ



www.AKJ.Org
www.AKJ.Org

ਸਿੱਟਾ ਇਹ ਨਿਕਲਿਆ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਆਲੇ ਦੁਆਲੇ ਵਿਚ ਗੁਰਮਤਿ ਮਰਯਾਦਾ ਬਹਾਲ ਹੋ ਗਈ। ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਵੀ ਪੁਜਾਰੀਆਂ ਤੇ ਮਹੰਤਾਂ ਦਾ ਅਜਿਹਾ ਕਬਜ਼ਾ ਸੀ ਕਿ ਇਥੇ ਉਹ ਕਿਸੇ ਨਿਸ਼ਕਾਮ ਤੇ ਅਖੰਡ ਕੀਰਤਨੀਏ ਨੂੰ ਕੀਰਤਨ ਕਰਨ ਦੀ ਆਗਿਆ ਨਹੀਂ ਸਨ ਦਿੰਦੇ। ਭਾਈ ਸਾਹਿਬ ਨੇ ਇਸ ਵਿਤਕਰੇ ਵਿਰੁਧ ਵੀ ਵਿਦਰੋਹ ਕੀਤਾ। ਅਖੰਡ ਕੀਰਤਨੀ ਜਥਾ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਗਏ ਅਤੇ ਮਨ ਹੀ ਦੇ ਹੁਕਮਾਂ ਨੂੰ ਉਲੰਘ ਕੇ ਵੀ ਰੱਜ ਰੱਜ ਕੀਰਤਨ ਕੀਤਾ। ਗੁਰਦੁਆਰਾ-ਇਤਿਹਾਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਨਿਡਰ ਤੇ ਸਿਰਲੱਥ ਇਕ ਐਸੀ ਸ਼ਖ਼ਸੀਅਤ ਉਭਰੀ, ਜਿਥੇ ਵੀ ਜਾਂਦੀ, ਪੁਜਾਰੀ ਮਹੰਤ ਤੇ ਚਰਿੱਤਰ-ਹੀਣ ਗ੍ਰੰਥੀ, ਰਾਗੀ ਤੇ ਸੇਵਾਦਾਰ ਆਪੇ ਸਭ ਕੁਝ ਛੱਡ-ਛਡਾ ਕੇ ਭਜ ਜਾਂਦੇ।

ਗੁਰਦੁਆਰਿਆਂ ਦੀ ਮਰਯਾਦਾ, ਤੇ ਸੇਵਾ-ਸੰਭਾਲ ਠੀਕ ਬਹਾਲ ਕਰਨ ਵਿਚ ਅਤੇ ਵਾਤਾਵਰਣ ਨੂੰ ਅਧਿਆਤਮਿਕ ਤੇ ਨਿਰਮਲ ਸਿਰਜਣ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਯੋਗਦਾਨ ਕਿਸੇ ਵਡੇ ਸੁਧਾਰਕ ਤੋਂ ਘੱਟ ਨਹੀਂ। ਇਹੀ ਕਾਰਨ ਹੈ ਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਜਾਰੀ ਹੋਏ ਇਕ ਹੁਕਮਨਾਮੇ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ 'ਗੁਰਦੁਆਰਾ ਸੁਧਾਰ ਲਹਿਰ' ਦਾ ਆਰੰਭਕ ਆਖਿਆ ਗਿਆ। ਭਾਈ ਸਾਹਿਬ ਦੇ ਜੀਵਨ ਦੀ ਖ਼ੂਬਸੂਰਤੀ ਇਹ ਸੀ ਕਿ ਉਹਨਾਂ ਨੇ ਗੁਰ-ਸਥਾਨਾਂ ਨੂੰ ਗੁਰਮਤਿ ਤੇ ਸਿੱਖੀ ਦੇ ਸਰੋਤ ਸਿਰਜਣ ਲਈ ਖੋਪਰੀ ਲੁਹਾਣ ਤੇ ਬੰਦ-ਬੰਦ ਕਟਵਾਣ ਤਕ ਦਾ ਜਜ਼ਬਾ ਪ੍ਰਗਟਾਇਆ, ਪਰ ਕਿਸੇ ਗੁਰਦੁਆਰੇ ਉਤੇ ਆਪਣਾ ਕਬਜ਼ਾ ਕਰਨ ਦਾ ਨਿੱਸਚਾ ਨਾ ਦਰਸਾਇਆ। ਜਿਥੇ ਕੁਰਬਾਨੀ ਹੋਵੇ, ਉਥੇ ਕਬਜ਼ਾ-ਰੁਚੀ ਨਹੀਂ ਹੁੰਦੀ। ਜਿਥੇ ਕਬਜ਼ਾ-ਰੁਚੀ ਹੋਵੇ, ਉਥੇ ਗਿਰਾਵਟ ਤੇ ਗੁਲਾਮੀ ਤਾਂ ਹੋ ਸਕਦੀ ਹੈ, ਪਰ ਕੁਰਬਾਨੀ ਤੇ ਆਜ਼ਾਦੀ ਨਹੀਂ ਹੁੰਦੀ। ਭਾਈ ਸਾਹਿਬ ਅੰਦਰ ਕਿਸੇ ਤਰ੍ਹਾਂ ਦੀ ਵੀ ਕਬਜ਼ਾ-ਰੁਚੀ ਨਹੀਂ ਸੀ। ਇਸੇ ਕਰਕੇ ਉਹਨਾਂ ਨੇ ਆਪਣੇ ਜੀਵਨ ਵਿਚ ਕੁਰਬਾਨੀ ਤੇ ਆਜ਼ਾਦੀ ਵਾਲਾ ਰਸਤਾ ਵੀ ਬੜੀ ਦ੍ਰਿੜ੍ਹਤਾ ਤੇ ਸਾਹਸ ਨਾਲ ਅਪਣਾਇਆ।

(੬)

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪਿਤਾ-ਪੁਰਖਾਂ ਤੇ ਘਰ-ਪਰਿਵਾਰ ਵਿਚ ਸਰਕਾਰੀ ਤੇ ਰਾਜਿਆਂ-ਰਿਆਸਤਾਂ ਦੀ ਚਾਕਰੀ ਕਰਨ ਦਾ ਸੁਭਾ ਸੀ। ਇਸੇ ਪਰੰਪਰਾ ਕਾਰਨ ਭਾਈ ਸਾਹਿਬ ਨੂੰ ਵੀ ਪਹਿਲਾਂ ਪਹਿਲਾਂ ਅਜਿਹੀਆਂ ਚਾਕਰੀਆਂ ਵਿਚ ਫਸਾਇਆ ਜਾਂ ਬਿਠਾਇਆ ਗਿਆ ਸੀ। ਗੁਰੂ-ਰੰਗ ਤੇ ਗੁਰਮਤਿ-ਆਦਰਸ਼ਾਂ ਦੇ ਪ੍ਰਚਾਰ ਤੇ ਪ੍ਰਸਾਰ ਕਾਰਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਜਿਥੇ ਵਿਡਾਣੀਆਂ ਚਾਕਰੀਆਂ ਨੂੰ ਛੱਡ ਦਿੱਤਾ, ਉਥੇ ਉਹਨਾਂ ਨੇ ਸਮੇਂ ਸਮੇਂ ਅੰਗਰੇਜ਼-ਸਰਕਾਰ ਵਿਰੁਧ ਵੀ ਨਫ਼ਰਤ ਤੇ ਘਿਰਣਾ ਦਾ ਪ੍ਰਗਟਾਵਾ ਕੀਤਾ। ਜਿਹੜੇ ਚੀਫ਼ੀਏ ਸਰਦਾਰ ਅੰਗਰੇਜ਼ ਸਰਕਾਰ ਦੀ ਪਿੱਠ ਪੂਰਦੇ ਸਨ, ਭਾਈ ਸਾਹਿਬ ਨੇ ਉਹਨਾਂ ਨਾਲ ਵੀ ਕਦੇ ਸਾਂਝ ਨਾ ਰੱਖੀ। ਜਨਵਰੀ ੧੯੧੪ ਨੂੰ ਬਰਤਾਨਵੀ ਸਰਕਾਰ ਨੇ ਭਾਰਤ ਦੀ ਰਾਜਧਾਨੀ ਕਲਕੱਤੇ ਤੋਂ ਦਿੱਲੀ ਲਿਆਉਣ ਦਾ ਫੈਸਲਾ ਕਰ ਲਿਆ। ਜਿਥੇ ਵਾਇਸਰਾਏ ਦਾ ਮਹੱਲ ਬਣਨਾ ਸੀ—ਬਿਲਕੁਲ ਉਸ ਦੇ ਸਾਹਮਣੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਿਮਰਤੀ ਵਿਚ ਸਥਿਤ ਗੁਰਦੁਆਰਾ ਰਕਾਬਗੰਜ ਸਾਹਿਬ ਜੀ ਦੀ ਚਾਰ-ਦੀਵਾਰੀ ਪੈਂਦੀ ਸੀ। ਅੰਗਰੇਜ਼ ਸਰਕਾਰ ਨੇ ਸਿੱਖਾਂ ਨਾਲ ਗੱਲਬਾਤ ਕੀਤੇ ਬਿਨਾਂ ਹੀ ਗੁਰਦੁਆਰਾ ਸਾਹਿਬ ਦੀ ਕੰਧ ਢਵਾ ਦਿਤੀ। ਪੁਜਾਰੀਆਂ ਤੇ ਮਹੰਤਾਂ ਦੇ ਸਹਾਇਕ ਹੋਣ ਕਰਕੇ ਅੰਗਰੇਜ਼ੀ ਸਰਕਾਰ ਦਾ ਭਾਈ ਸਾਹਿਬ ਪਹਿਲਾਂ ਹੀ ਵਿਰੋਧ ਕਰ ਰਹੇ ਸਨ, ਪਰ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਕੰਧ ਨੂੰ ਢਾਹੁਣਾ, ਉਹਨਾਂ ਨੇ ਗੁਰੂ, ਗੁਰਮਤਿ ਤੇ ਸਿੱਖੀ ਨੂੰ ਇਕ ਸਰਕਾਰੀ ਚੈਲਿੰਜ ਸਮਝਿਆ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਭਗਤੀ, ਕੀਰਤਨ ਤੇ ਅਨੰਦ-ਮੰਡਲਾਂ ਦਾ ਰਸ ਭੁੰਚਦਿਆਂ, ਪਹਿਲੀ ਵਾਰੀ ਅੰਗਰੇਜ਼ ਸਰਕਾਰ ਵਿਰੁਧ ਰੋਸ ਪ੍ਰਗਟ ਕਰਨ ਲਈ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਹ ਮੋਰਚਾ ਕੀ ਸੀ—ਸੀਸ ਤਲੀ ਉਤੇ ਰੱਖ ਕੇ ਕੁਰਬਾਨੀ ਦੇਣ ਦਾ ਮੌਕਾ ਬਣ ਗਿਆ। ਦਿਨਾਂ ਵਿਚ ਹੀ ਪੰਜ ਸੌ ਸਿੰਘ-ਸ਼ਹੀਦਾਂ ਦਾ ਜਥਾ ਤਿਆਰ ਹੋ ਗਿਆ। ਪਿੰਡ ਪਿੰਡ ਅੰਗਰੇਜ਼ਾਂ ਵਿਰੁਧ ਰੋਸ ਪ੍ਰਗਟ ਹੋਣ ਲੱਗ ਪਿਆ। ਸਰਕਾਰੀ ਸਿੱਖਾਂ ਨੂੰ ਛੱਡ ਕੇ ਹਰ ਸਿੱਖ ਦੀ ਜ਼ਬਾਨ ਉਤੇ ਸੀ ਕਿ ਗੁਰਦੁਆਰਿਆਂ ਵਿਚ ਸਰਕਾਰੀ ਦਖ਼ਲ ਸਿੱਖੀ

www.AKJ.Org



www.AKJ.Org

ਤੇ ਪੰਥ ਵਾਸਤੇ ਵੰਗਾਰ ਹੈ। ਭਾਈ ਸਾਹਿਬ ਸਿੰਘ-ਸ਼ਹੀਦਾਂ ਦਾ ਜਥਾ ਲੈ ਜਾਣ ਦੀ ਤਿਆਰੀ ਵਿਚ ਹੀ ਸਨ ਕਿ ਬਰਤਾਨਵੀ ਸਰਕਾਰ ਸਿੱਖਾਂ ਦੇ ਰੋਸ ਤੇ ਮੋਰਚੇ ਤੋਂ ਘਬਰਾ ਗਈ ਤੇ ਉਹਨਾਂ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਢਾਹੀ ਦੀਵਾਰ ਨੂੰ ਮੁੜ ਉਸਾਰ ਦਿਤਾ। ਇਸ ਜਿੱਤ ਅਤੇ ਜੈਕਾਰ ਦਾ ਸਿਹਰਾ ਤਾਂ ਭਾਈ ਸਾਹਿਬ ਦੇ ਸਿਰ ਹੀ ਬੱਝਾ, ਪਰ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸ਼ਖਸੀਅਤ ਸਰਕਾਰ-ਵਿਰੋਧੀ ਹੋਣ ਕਰਕੇ ਅੰਗਰੇਜ਼ੀ-ਨਜ਼ਰਾਂ ਵਿਚ ਸ਼ੱਕੀ ਹੋ ਗਈ। ਇਹੀ ਕਾਰਨ ਬਣਿਆ ਜਦੋਂ ਅਮਰੀਕਾ ਤੇ ਕੈਨੇਡਾ ਦੇ ਗ਼ਦਰੀ ਬਾਬਿਆਂ ਨੇ ਬਰਤਾਨਵੀ ਸਰਕਾਰ ਵਿਰੁਧ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ, ਤਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਪੰਜਾਬ ਬੈਠੇ ਸਹਿਜੇ ਹੀ ਇਸ ਅਜ਼ਾਦੀ ਦੀ ਲਹਿਰ ਨਾਲ ਜੁੜ ਗਏ।

੧੫ ਸਤੰਬਰ ੧੯੧੫ ਨੂੰ ਬਾਬਾ ਗੁਰਦਿੱਤ ਸਿੰਘ ਦਾ ਕਾਮਾ-ਗਾਟਾ ਮਾਰੂ ਜਹਾਜ਼ ਕਲਕੱਤੇ ਵਾਪਸ ਆ ਉਤਰਿਆ। ਗ਼ੱਦਰੀ ਬਾਬਿਆਂ ਨੂੰ ਅੰਗਰੇਜ਼ ਸਰਕਾਰ ਵਲੋਂ ਜਿਵੇਂ ਗੋਲੀਆਂ ਨਾਲ ਭੁੰਨਿਆ ਗਿਆ, ਉਸ ਸਾਕੇ ਨੇ ਭਾਈ ਸਾਹਿਬ ਨੂੰ ਦੇਸ਼-ਭਗਤੀ ਤੇ ਦੇਸ਼-ਆਜ਼ਾਦੀ ਲਈ ਹੋਰ ਸੇਕ ਦਿੱਤਾ। ਸ਼ਾਂਤ-ਚਿੱਤ ਤੇ ਅੰਮ੍ਰਿਤ ਰੱਸ ਨਾਲ ਭਿਜੇ ਭਾਈ ਸਾਹਿਬ ਰਣਧੀਰ ਸਿੰਘ ਜੀ ਹੁਣ ਅੰਗਰੇਜ਼ ਸਰਕਾਰ-ਵਿਰੋਧੀ ਕ੍ਰਾਂਤੀਕਾਰੀਆਂ ਵਿਚ ਸਨ। ਗ਼ੱਦਰੀ ਕ੍ਰਾਂਤੀਕਾਰੀ ਬਾਬੇ ਭਾਰਤ ਵਿਚ ਆਪਣਾ ਪੈਰ ਪਾਸਾਰ ਰਹੇ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਕਰਤਾਰ ਸਿੰਘ ਸਰਾਭਾ, ਰਾਸ ਬਿਹਾਰੀ ਬੋਸ ਤੇ ਹੋਰ ਗ਼ੱਦਰੀ ਪਰਵਾਨਿਆਂ ਦੀ ਸੰਗਤ ਵਿਚ ਸਨ। ਪ੍ਰੋਗਰਾਮ ਤੇ ਨੀਤੀਆਂ ਘੜਨ ਵਿਚ ਵੀ ਭਾਈ ਸਾਹਿਬ ਪੂਰੀ ਤਰ੍ਹਾਂ ਹਿੱਸੇਦਾਰ ਸਨ। ਗ਼ੱਦਰੀ ਬਾਬਿਆਂ ਨੂੰ ਲੁਕਵੇਂ ਸੰਦੇਸ਼ ਦੇਣ ਤੇ ਲੈਣ ਵਿਚ ਵੀ ਉਹ ਪੂਰੀ ਤਰ੍ਹਾਂ ਤੱਤਪਰ ਸਨ। ਲਾਹੌਰ ਗ਼ੱਦਰੀਆਂ ਦੇ ਦਫ਼ਤਰ ਵਿਚ ਇਕ ਦਿਨ ਕੁਝ ਕਾਗਜ਼ ਫੜੇ ਗਏ, ਜਿਨ੍ਹਾਂ ਵਿਚੋਂ ਇਕ ਟੁਕੜਾ ਰਾਸ ਬਿਹਾਰੀ ਬੋਸ਼ ਦਾ ਸੀ, ਜਿਸ ਉਤੇ ਲਿਖਿਆ ਹੋਇਆ ਸੀ :

"ਨਿਧ ਤੋਂ ਇਛ ਨੂੰ : ਰਣਧੀਰ : ਉਤਮ ਤੇ ਜਗਤ।"

ਬੱਸ ਇਸ ਕਾਗਜ਼ ਦੇ ਟੁਕੜੇ ਨੇ ਭਾਈ ਸਾਹਿਬ ਨੂੰ ਬਗ਼ਾਵਤ ਦੇ ਕੇਸ ਵਿਚ ਇੰਨਾ ਫਸਾਇਆ ਕਿ ਭਾਈ ਸਾਹਿਬ ਨੂੰ ਉਮਰ ਕੈਦ ਦੀ ਸਜ਼ਾ ਹੋ ਗਈ।

ਪਹਿਲਾਂ ਮੁਲਤਾਨ ਦੀ ਜੇਲ੍ਹ, ਫਿਰ ਹਜ਼ਾਰੀ ਬਾਗ ਦੀ ਜੇਲ੍ਹ, ਫਿਰ ਮਦਰਾਸ ਦੀ ਜੇਲ੍ਹ, ਫਿਰ ਰਾਜ-ਮੰਦਰੀ ਜੇਲ੍ਹ, ਅਖ਼ੀਰ ਨਾਗਪੁਰ ਦੀ ਜੇਲ੍ਹ ਵਿਚ ਬੰਦੀ ਬਣਾ ਕੇ ਸੁੱਟ ਦਿੱਤਾ ਗਿਆ। ਵੀਹਵੀਂ ਸਦੀ ਦੇ ਆਜ਼ਾਦੀ ਦੇ ਸੰਘਰਸ਼ ਤੇ ਕੁਰਬਾਨੀਆਂ ਦੇ ਇਤਿਹਾਸ ਵਿਚ ਲਗਾਤਾਰ ੧੫-੧੬ ਸਾਲ ਕੈਦੀ ਬਣ ਕੇ ਰਹਿਣਾ ਤੇ ਸਖ਼ਤ ਤਸੀਹਿਆਂ ਦੀ ਪਰਵਾਹ ਨਾ ਕਰਨੀ, ਇਹ ਕੇਵਲ ਤੇ ਕੇਵਲ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸ਼ਾਂਤ-ਚਿੱਤ, ਅੰਮ੍ਰਿਤ ਰੱਸ ਨਾਲ ਭਰਪੂਰ ਜੁਰਅੱਤ ਤੇ ਸਾਹਸ ਨਾਲ ਸ਼ਿੰਗਾਰੀ ਜੋਧਾ-ਸ਼ਖ਼ਸੀਅਤ ਦਾ ਹੀ ਮਾਣ-ਸਨਮਾਨ ਹੈ। ਇਸ ਕੈਦ-ਕਾਲ-ਕੋਠੜੀ ਦੇ ਤਸੀਹਿਆਂ ਨੂੰ ਭੈਅ ਤੇ ਭਰਮ ਤੋਂ ਮੁਕਤ ਹੋ ਕੇ, ਜਿਸ ਸਬਰ ਅਤੇ ਸਿੱਦਕ ਨਾਲ ਸਹਿ ਕੇ, ਭਾਈ ਸਾਹਿਬ ਰਣਧੀਰ ਸਿੰਘ ਜੀ ਨੇ 'ਜੇਲ੍ਹ ਚਿੱਠੀਆਂ' ਤੇ 'ਜੋਤਿ ਵਿਗਾਸ' ਪੁਸਤਕਾਂ ਦੀ ਰਚਨਾ ਕੀਤੀ ਹੈ, ਉਸ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਉਹ ਜਿਸ ਸਥਿਤੀ ਤੇ ਸੰਕਟ ਵਿਚ ਰਹੇ, ਉਹਨਾਂ ਨੇ ਆਪਣੇ ਗੁਰੂ, ਗੁਰਮਤਿ ਤੇ ਸਿੱਖੀ ਆਦਰਸ਼ਾਂ ਨੂੰ ਖੰਡਿਤ ਨਾ ਹੋਣ ਦਿੱਤਾ, ਸਗੋਂ ਸਿੱਖੀ ਤੇ ਗੁਰਮਤਿ ਦੇ ਤੱਤ-ਦਰਸੀ ਹੋ ਕੇ ਉਹ ਸਿੱਖ-ਜਗਤ ਵਿਚ ਉਜਾਗਰ ਹੋਏ। ਕੈਦ-ਕਾਲ ਤੋਂ ਆਜ਼ਾਦ ਹੁੰਦਿਆਂ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਬਾਕੀ ਰਹਿੰਦਾ ਸਾਰਾ ਜੀਵਨ ਗੁਰਬਾਣੀ ਪਾਠ, ਅਖੰਡ ਕੀਰਤਨ, ਅੰਮ੍ਰਿਤ ਸੰਚਾਰ, ਸਤਸੰਗਤਿ ਤੇ ਗੁਰਮਤਿ ਲੇਖਣੀ ਨੂੰ ਸਮਰਪਿਤ ਕਰ ਦਿੱਤਾ।

੧੬ ਅਪਰੈਲ, ੧੯੬੧ ਨੂੰ ਉਹ ਮਾਡਲ ਟਾਊਨ ਲੁਧਿਆਣਾ ਵਿਖੇ ਹੀ, ਵਾਹਿਗੁਰੂ ਦੀ ਅਖੰਡ ਧੁਨੀ ਵਿਚ ਲਿਵਲੀਨ ਹੋ, ਗੁਰਪੁਰੀ ਜਾ ਬਿਰਾਜੇ। ਕਈ ਸਾਲ ਪਹਿਲਾਂ ਦੀ ਹਦਾਇਤ ਅਨੁਸਾਰ ਆਪ ਦੀ ਦੇਹੀ ਨੂੰ ਸਸਕਾਰ ਲਈ ਮਹਾਨ ਜਲੂਸ ਨਾਲ ਨਾਰੰਗਵਾਲ ਲਾਗੇ ਮਲਿਆਣੇ ਵਾਲੀ ਢਾਬ ਤੇ ਲਿਜਾਇਆ ਗਿਆ, ਜਿਥੇ ੧੭ ਅਪ੍ਰੈਲ ਨੂੰ ਆਪ ਦੀ ਦੇਹੀ ਨੂੰ ਅਗਨਿ-ਭੇਟ ਕੀਤਾ ਗਿਆ।

www.AKJ.Org

ਅਖੰਡ ਕੀਰਤਨੀ ਜਥਾ, ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪੰਥ ਨੂੰ ਅਦੁੱਤੀ ਤੇ ਆਦਰਸ਼ਕ ਦੇਣ ਹੈ।

(੭)

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪ੍ਰਭਾਵਸ਼ਾਲੀ ਤੇ ਯੋਧਾ-ਸ਼ਖ਼ਸੀਅਤ ਦਾ ਸਿੱਖ ਜਗਤ ਤੇ ਸਿੱਖ ਪੰਥ ਵਿਚ ਬੜਾ ਸਤਿਕਾਰ ਸੀ। ਬਾਬਾ ਖੜਕ ਸਿੰਘ, ਅਕਾਲੀ ਕੌਰ ਸਿੰਘ, ਭਾਈ ਸਾਹਿਬ ਭਾਈ ਵੀਰ ਸਿੰਘ, ਭਾਈ ਕਾਨ੍ਹ ਸਿੰਘ ਨਾਭਾ ਤੇ ਮਾਸਟਰ ਤਾਰਾ ਸਿੰਘ ਵੀ ਸਿੱਖੀ-ਸਰੂਪ ਤੇ ਗੁਰਮਤਿ-ਸੇਵਾ ਪਖੋਂ ਉਹਨਾਂ ਨੂੰ ਵਿਸ਼ੇਸ਼ ਮਾਨਤਾ ਦਿੰਦੇ ਸਨ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਉਹਨਾਂ ਨੂੰ ਪੰਥ-ਸੇਵਾ ਦੇ ਅਭਿਨੰਦਨ ਵਜੋਂ ਹੁਕਮਨਾਮੇ ਤੇ ਸਿਰਪਾਉ ਦੀ ਬਖ਼ਸ਼ਿਸ਼ ਪ੍ਰਾਪਤ ਹੋਈ ਸੀ। ਗੁਰਮਤਿ ਤੇ ਪੰਥਕ-ਖੇਤਰਾਂ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਇਕ ਆਦਰਸ਼ ਤੇ ਪ੍ਰੇਰਨਾ-ਸਰੋਤ ਸਵੀਕਾਰ ਕੀਤਾ ਜਾਂਦਾ ਸੀ। ਭਾਈ ਸਾਹਿਬ ਦੀ ਵਡਿਆਈ ਤੇ ਵੱਡਾ ਯੋਗਦਾਨ ਇਹ ਵੀ ਸੀ ਕਿ ਜੋ ਕੁਝ ਅਨੁਭਵ ਪ੍ਰਕਾਸ਼, ਨਾਮ ਤੇ ਸ਼ਬਦ-ਅਭਿਆਸ, ਅੰਮ੍ਰਿਤ ਤੇ ਕੀਰਤਨ ਰੱਸ, ਸੰਘਰਸ਼, ਕੁਰਬਾਨੀ ਤੇ ਆਜ਼ਾਦੀ ਦੇ ਇਤਿਹਾਸ ਵਿਚ ਕਮਾਇਆ, ਉਸ ਅਨੁਭਵ, ਤਜਰਬੇ ਤੇ ਘਾਲਣਾ ਨੂੰ ਉਹਨਾਂ ਆਪਣੇ ਮੌਲਿਕ ਤੇ ਸਾਹਿੱਤਕ-ਰੰਗ ਵਿਚ ਪੂਰੀ ਤਰ੍ਹਾਂ ਲਿਖਤ-ਬੱਧ ਕਰ ਕੇ ਮੂਰਤੀਮਾਨ ਕਰ ਦਿੱਤਾ। ਭਾਈ ਸਾਹਿਬ ਮੂਲ ਰੂਪ ਵਿਚ ਇਤਿਹਾਸਕਾਰ ਨਹੀਂ, ਸਾਹਿੱਤਕਾਰ ਹਨ। ਆਪਣੇ ਗੁਰਮਤਿ ਤੇ ਗੁਰਬਾਣੀ-ਆਦਰਸ਼ਾਂ ਨੂੰ ਮਾਨਵਤਾ ਤੱਕ ਪਹੁੰਚਾਉਣ ਲਈ ਉਹ ਜਿਸ ਬੋਲੀ-ਸ਼ੈਲੀ ਦੀ ਵਰਤੋਂ ਕਰਦੇ ਹਨ, ਉਹ ਸਾਹਿਤਕ ਹੀ ਹੈ। ਆਪਣੇ ਸਿਧਾਂਤਾਂ, ਆਪਣੇ ਆਦਰਸ਼ਾਂ, ਆਪਣੀ ਪਹੁੰਚ ਨੂੰ ਸਾਰਥਿਕ ਤੇ ਪ੍ਰਭਾਵਸ਼ਾਲੀ ਸਿੱਧ ਕਰਨ ਵਾਸਤੇ ਜੇ ਭਾਈ ਸਾਹਿਬ ਨੂੰ ਇਤਿਹਾਸਕ ਟੂਕ ਦੀ ਲੋੜ ਪਈ ਹੈ, ਤਾਂ ਉਹਨਾਂ ਵਰਤ ਲਈ ਹੈ, ਪਰ ਰਚਨਾ ਦਾ ਪ੍ਰਸੰਗ ਤੇ ਮੰਡਲ ਸਿਰਜਨਾਤਮਿਕ ਸਾਹਿੱਤਕਾਰ ਵਾਲਾ ਹੀ ਰੱਖਿਆ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪ੍ਰਸਿੱਧ ਪੁਸਤਕ 'ਜੇਲ੍ਹ ਚਿੱਠੀਆਂ' ਇਕ ਦ੍ਰਿਸ਼ਟੀ ਤੋਂ ਭਾਰਤ ਦੀਆਂ ਵਖੋ ਵੱਖਰੀਆਂ ਜੇਲ੍ਹਾਂ ਵਿਚ ਵਾਪਰੀਆਂ ਘਟਨਾਵਾਂ ਤੇ ਸਥਿਤੀਆਂ ਦਾ ਇਤਿਹਾਸ ਹੀ ਹੈ। ਇਸ ਇਤਿਹਾਸ ਨੂੰ ਰੂਪ ਚਿੱਠੀਆਂ ਦਾ ਦਿੱਤਾ ਹੈ, ਪਰ ਜੇਲ੍ਹ-ਬ੍ਰਿਤਾਂਤ ਨੂੰ ਇੰਨਾ ਕਾਵਿਕ, ਰਸਿਕ ਤੇ ਸ਼ੈਲੀ ਪੱਖੋਂ ਸਾਹਿਤਕ ਬਣਾ ਦਿੱਤਾ ਹੈ, ਜਿਵੇਂ ਵਾਰਤਕ ਵਿਚ ਗੁਰਮਤਿ ਕਾਵਿ ਦਾ ਮੰਡਲ ਸਿਰਜਿਆ ਜਾ ਰਿਹਾ ਹੈ। ਭਾਈ ਸਾਹਿਬ 'ਜੇਲ੍ਹ ਚਿੱਠੀਆਂ' ਪੁਸਤਕ ਲਿਖਣ, ਜਾਂ 'ਜੋਤਿ ਵਿਗਾਸ' 'ਮਹਾਂ-ਕਾਵਿ' ਲਿਖਣ' ਜਾਂ ਅਨੇਕਾਂ ਨਿਬੰਧ ਲਿਖਣ, ਉਹਨਾਂ ਦੀ ਸਾਰੀ ਲਿਖਤ-ਰਚਨਾ ਸੁਰਤਿ ਦੀ ਧੁਰ-ਏਕਤਾ ਵਿਚੋਂ ਪ੍ਰਕਾਸ਼ਮਾਨ ਹੁੰਦੀ ਸੀ। ਧੁਰ-ਏਕਤਾ ਤੇ ਇਕਾਗਰਤਾ-ਰੱਸ ਵਿਚੋਂ ਪ੍ਰਕਾਸ਼ਮਾਨ ਹੋਇਆ ਹਰ ਬੋਲ, ਹਰ ਵਿਚਾਰ, ਰੂਪ ਭਾਵੇਂ ਕਵਿਤਾ ਦਾ ਗ੍ਰਹਿਣ ਕਰ ਲਵੇ ਜਾਂ ਵਾਰਤਕ ਦਾ, ਉਸ ਦਾ ਮੰਡਲ ਹਮੇਸ਼ਾ ਸਿਰਜਨਾਤਮਿਕ ਤੇ ਸਾਹਿਤਕ ਹੁੰਦਾ ਹੈ। ਇਹੀ ਕਾਰਨ ਹੈ ਕਿ ਭਾਈ ਸਾਹਿਬ ਦੀਆਂ ਸਾਰੀਆਂ ਰਚਨਾਵਾਂ ਸਾਹਿਤਕ ਹਨ। 'ਜੋਤਿ ਵਿਗਾਸ' ਮਹਾਂ-ਕਾਵਿ ਨੂੰ ਪੜ੍ਹ ਕੇ ਇਹ ਕਥਨ ਹੋਰ ਸਾਰਥਿਕ ਹੋ ਜਾਂਦਾ ਹੈ ਕਿ ਭਾਈ ਸਾਹਿਬ ਅੰਦਰ ਇਕ ਕਾਵਿਕ ਵਹਿਣ ਵੀ ਸੀ। ਜੇ ਕਵਿਤਾ ਰਚਣ ਲਗੇ, ਤਾਂ ੬੮੩ ਛੰਦਾਂ ਦੀ ਇਕ ਲੰਮੀ ਤੇ ਰਸਿਕ ਕਵਿਤਾ ਲਿੱਖ ਦਿਤੀ। ਇਸ ਤੱਥ ਵਿਚ ਕੋਈ ਸ਼ੱਕ ਨਹੀਂ ਕਿ ਭਾਈ ਸਾਹਿਬ ਨੇ ਭਾਵਾਂ, ਵਿਆਖਿਆ ਤੇ ਸਮੇਂ ਦੀ ਲੋੜ ਅਧੀਨ ਬਹੁਤਾ ਲਿਖਿਆ। ਪਰ ਰਚਨਾਵਾਂ ਤੋਂ ਇਕ ਪਛਾਣ ਸਹਿਜੇ ਹੀ ਹੋ ਜਾਂਦੀ ਹੈ ਕਿ ਸਮੇਂ, ਸਥਾਨ ਤੇ ਸਥਿਤੀ ਅਤੇ ਸੰਕਟ ਦੀ ਵੱਖਰਤਾ ਹੋ ਜਾਣ ਦੇ ਬਾਵਜੂਦ ਵੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਲਿਖਤ ਤੇ ਸ਼ੈਲੀ-ਨਿਰੰਤਰਤ ਇਕੋ ਜਿਹੀ ਬਣੀ ਰਹਿੰਦੀ ਹੈ। ਉਹਨਾਂ ਦੀ ਨਿਰੰਤਰ ਏਕਤਾ ਦਾ ਇਕ ਆਧਾਰ ਇਹ ਵੀ ਜਾਪਦਾ ਹੈ ਕਿ ਉਹਨਾਂ ਦੀ ਸੁਰਤਿ, ਮੱਤਿ, ਮਨਿ, ਬੁਧਿ ਤੇ ਸੁਧਿ ਵਿਚ ਗੁਰਬਾਣੀ ਤੇ ਗੁਰਮਤਿ ਹੀ ਸੀ। ਉਹਨਾਂ ਦਾ ਸਾਰਾ ਸੋਚ ਤੇ ਵਿਚਾਰ-ਚਿੰਤਨ ਗੁਰਮਤਿ ਉਤੇ ਹੀ ਕੇਂਦਰਿਤ ਹੈ। ਆਪਣੇ ਵਿਚਾਰਾਂ ਤੇ ਵਾਰਤਾਵਾਂ ਦੀ ਪ੍ਰੋੜ੍ਹਤਾ ਲਈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਕਬਿੱਤ ਸਵੈਯਾਂ ਨੂੰ ਅਧਾਰ ਬਣਾਂਦੇ ਹਨ, ਉਥੇ ਗੁਰਬਾਣੀ ਦੇ ਢੁਕਵੇਂ ਤੇ ਪ੍ਰਭਾਵਸ਼ਾਲੀ ਪ੍ਰਮਾਣ ਪੇਸ਼ ਕਰ ਕੇ ਆਪਣੀਆਂ ਰਚਨਾਵਾਂ ਦੀ ਸਾਰਥਿੱਕਤਾ ਨੂੰ ਵੀ ਵਧਾ ਲੈਂਦੇ ਹਨ। ਭਾਈ ਸਾਹਿਬ ਦੀਆਂ ਰਚਨਾਵਾਂ ਤੋਂ ਇਹ ਪ੍ਰਭਾਵ ਸਹਿਜੇ ਹੀ ਮਿਲਦਾ ਹੈ ਕਿ ਉਹਨਾਂ ਦਾ

www.AKJ.Org



www.AKJ.Org

ਗੁਰਬਾਣੀ ਤੇ ਗੁਰਮਤਿ ਅਧਿਐਨ ਬੜਾ ਡੂੰਘਾ, ਵਿਆਪਕ ਸਿਧਾਂਤਕ ਤੇ ਸਪੱਸ਼ਟ ਸੀ । ਗੁਰਮਤਿ ਦੇ ਬੁਨਿਆਦੀ ਸੰਕਲਪਾਂ ਦੀ ਜਿਵੇਂ ਭਾਈ ਸਾਹਿਬ ਨੇ ਸਿਧਾਂਤਕ-ਵਿਆਖਿਆ ਕੀਤੀ ਹੈ, ਉਸ ਦਾ ਆਪਣਾ ਹੀ ਮੌਲਿਕ ਰੰਗ ਹੈ। ਭਾਈ ਸਾਹਿਬ ਦੀ ਕੀਤੀ ਗੁਰਮਤਿ-ਵਿਆਖਿਆ ਵਿਚ ਸਮਰੱਥਾ ਹੈ—ਸਿੱਖ ਨੂੰ ਖਾਲਸਾ ਸਿਰਜਣ ਦੀ। ਭਾਈ ਸਾਹਿਬ ਦੀ ਕਲਮ ਤੇ ਲੇਖਣੀ ਕੇਵਲ ਗੁਰਮਤਿ ਦੇ ਪ੍ਰਕਾਸ਼ ਨਮਿੱਤ ਸੀ। ਉਹਨਾਂ ਦਾ ਸਮੁੱਚਾ ਜੀਵਨ ਵੀ ਗੁਰਮਤਿ ਦਾ ਹੀ ਇਕ ਪ੍ਰਮਾਣ ਸੀ। ਇਹੀ ਕਾਰਨ ਹੈ ਕਿ **ਗੁਰਮਤਿ-ਸਿੱਧਾਂਤਾਂ ਨੂੰ ਪੇਸ਼ ਕਰਨ ਵਾਸਤੇ ਉਹ ਜਿਨ੍ਹਾਂ ਸ਼ਬਦਾਂ ਦੀ ਚੋਣ ਕਰਦੇ ਸਨ, ਉਹ ਗੁਰਬਾਣੀ ਤੇ ਗੁਰਮਤਿ ਦੇ ਮਜੀਠੀ ਰੰਗ ਵਿਚ ਇੰਨੇ ਰੰਗੇ ਹੋਏ ਹਨ ਕਿ ਜਿਉਂ ਜਿਉਂ ਭਾਈ ਸਾਹਿਬ ਦੀ ਰਚਨਾ ਪੜ੍ਹੀ ਜਾਓ, ਗੁਰਬਾਣੀ ਤੇ ਗੁਰਮਤਿ ਦਾ ਪ੍ਰਭਾਵ-ਮੰਡਲ ਆਪ-ਮੁਹਾਰੇ ਸਿਰਜਿਆ ਜਾਂਦਾ ਹੈ।** ਭਾਈ ਸਾਹਿਬ ਦੀ ਸਾਰੀ ਰਚਨਾ ਗੁਰਮਤਿ-ਮੰਡਲ ਨੂੰ ਸਿਰਜਨ ਵਿਚ ਸਫ਼ਲ ਹੀ ਨਹੀਂ, ਸਗੋਂ ਸਮਰੱਥ ਵੀ ਹੈ। ਇਹੀ ਕਾਰਨ ਹੈ ਕਿ ਗੁਰਬਾਣੀ ਤੇ ਗੁਰਮਤਿ-ਆਦਰਸ਼ਾਂ ਦੇ ਪ੍ਰਚਾਰ ਤੇ ਪਾਸਾਰ ਵਾਸਤੇ ਅੱਜ ਵੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਸਾਹਿਤਕ ਰਚਨਾਵਾਂ ਨੂੰ ਬੜਾ ਮਹੱਤਵ-ਪੂਰਣ ਯੋਗਦਾਨ ਹੀ ਨਹੀਂ, ਸਗੋਂ ਅਗਵਾਈ ਪ੍ਰਦਾਨ ਕਰਨ ਵਾਲੀਆਂ ਸਵੀਕਾਰ ਕੀਤਾ ਜਾਂਦਾ ਹੈ। ਭਾਈ ਸਾਹਿਬ ਦੇ ਹੋਣਹਾਰ ਸਪੁੱਤਰ ਭਾਈ ਬਲਬੀਰ ਸਿੰਘ ਜੀ ਨੇ "ਭਾਈ ਸਾਹਿਬ ਰਣਧੀਰ ਸਿੰਘ ਟ੍ਰੱਸਟ" ਵਲੋਂ ਭਾਈ ਸਾਹਿਬ ਦੀਆਂ ਛਪੀਆਂ ਪੁਸਤਕਾਂ ਦੀ ਭੂਮਿਕਾ ਵਿਚ ਠੀਕ ਲਿਖਿਆ ਹੈ :

"ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਲੇਖਣੀ ਦੀ ਵਿਲੱਖਣਤਾ ਇਹੋ ਹੈ ਕਿ ਇਹ ਗੁਰਮਤੀ ਲੇਖਣੀ ਹੈ। ਭਾਈ ਸਾਹਿਬ ਜੀ ਦਾ ਜੀਵਨ ਗੁਰਮਤੀ ਜੀਵਨ ਸੀ। ਆਪ ਜੀ ਨੇ ਆਯੂ ਪਰਯੰਤ ਗੁਰਮਤਿ ਅਸੂਲਾਂ ਉਤੇ ਪਹਿਰਾ ਦਿੱਤਾ ਤੇ ਦ੍ਰਿੜ੍ਹ ਰਹੇ। ਆਪ ਜੀ ਦੀ ਲੇਖਣੀ ਦਾ ਮੰਤਵ ਕੋਈ ਵਿਦਵਤਾ ਦਾ ਪ੍ਰਗਟਾਵਾ ਕਰਨਾ ਜਾਂ ਲਿਖਤਾਂ ਦੁਆਰਾ ਮੁਨਾਫਾ-ਖ਼ੋਰੀ ਨਹੀਂ ਸੀ, ਸਗੋਂ ਨਿਰੋਲ ਗੁਰਮਤਿ ਦਾ ਪ੍ਰਚਾਰ ਕਰਨਾ ਅਤੇ ਆਪਣੇ ਗੁਰ-ਭਾਈਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਨੀ ਹੀ ਰਹੀ।"

ਨਿਸਚੇ ਹੀ ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸਮੁੱਚਾ ਜੀਵਨ, ਸਮੁੱਚੀ ਸਾਹਿਤ-ਰਚਨਾ, ਸਮੁੱਚੀ ਸਖ਼ਸੀਅਤ ਪੰਥ ਦੀ ਕੇਵਲ ਅਮਾਨਤ ਹੀ ਨਹੀਂ, ਸਗੋਂ ਗੁਰਮਤਿ ਦੇ ਪੈਰ-ਚਿੰਨ੍ਹਾਂ ਉਤੇ ਚਲਣ ਵਾਲਿਆਂ ਪ੍ਰਤੀ ਇਕ ਵੱਡਾ ਤੇ ਵਡਿਆਈ ਯੋਗ ਯੋਗਦਾਨ ਵੀ ਹੈ।

---

## ਪਿਆਰਾ ਹੋਨਹਾਰ ਬੱਚਾ ਪਰਮਜੀਤ ਸਿੰਘ ਗੁਰਪੁਰੀ ਸਿਧਾਰ ਗਿਆ

ਖੰਨਾ ਸਮਾਗਮ ਤੋਂ ਵਾਪਸ ਆਉਂਦਿਆਂ ਐਕਸੀਡੈਂਟ ਸੁਣ ਕੇ, ਸੰਗਤ ਐਤਵਾਰ ਨੂੰ ਅਜੀਤ ਨਗਰ ਗੁਰਦੁਆਰੇ ਚੋਂ ਕੀਰਤਨ-ਸਮਾਗਮ ਦਾ ਭੋਗ ਪਾ ਕੇ ਇਨ੍ਹਾਂ ਵੀਰਾਂ ਦੀ ਖ਼ਬਰ-ਸੁਰਤ ਨੂੰ ਪੁਜੀ । ਭਾਈ ਪਰਮਜੀਤ ਸਿੰਘ ਵਖਰੇ ਕਮਰੇ ਵਿਚ ਸੰਗਤ ਦੇ ਦਰਸ਼ਨ ਲਈ ਹੱਥ ਜੋੜੀ ਖੜਾ ਕਹਿੰਦਾ ਸੁਣਿਆ, "ਜੀ, ਮੈਂ ਠੀਕ ਹਾਂ, ਐਵੇਂ ਕੋਈ ਰਗ ਅਗੇ ਪਿਛੇ ਹੋ ਜਾਣ ਕਰਕੇ ਗਰਦਨ ਨਹੀਂ ਘੁਮਾ ਸਕਦਾ, ਪਰ ਇਹ ਠੀਕ ਹੋ ਜਾਏਗਾ, ਆਪ ਜੀਉ ਪੂਰਨ ਦਾਰ ਜੀ ਦੀ ਛੇਤੀ ਸੰਭਾਲ ਕਰੋ, ਉਹ ਵਧੇਰੇ ਖੇਚਲ ਵਿਚ ਹਨ।" ਅਸਲੋਂ ਉਸ ਦੀ ਦਿਮਾਗ ਦੀ ਨਾੜੀ ਫਟ ਚੁਕੀ ਸੀ, ਥੋੜੀ ਦੇਰ ਬਾਅਦ ਹੀ ਉਹ ਡਾਕਟਰੀ ਇਲਾਜ ਵਿਚ ਸੀ ਅਤੇ ਅੰਤ ੩.੭.੯੩ ਨੂੰ ਸਦੈਵੀ ਵਿਛੋੜਾ ਦੇ ਗਿਆ।

੩੦ ਸਾਲ ਦਾ ਇਹ ਹੋਨਹਾਰ ਬੱਚਾ ੧੯੮੪ ਦੇ ਦੰਗਿਆਂ ਪਿਛੋਂ ਜੈਪੁਰ ਤੋਂ ਉਜੜ ਕੇ ਸ੍ਰੀ ਅੰਮ੍ਰਿਤਸਰ ਆ ਵਸਿਆ ਸੀ। ਤਿਆਰ-ਬਰ-ਤਿਆਰ ਮਾਪਿਆਂ ਦਾ ਇਹ ਸੇਵਾਦਾਰ ਬੱਚਾ ਗੁਰਮਤਿ ਰੰਗ ਵਿਚ ਰੰਗੀਜਿਆ ਹੋਇਆ ਸੀ। ਅੰਮ੍ਰਿਤ ਵੇਲੇ ਤੋਂ ਪਹਿਲਾਂ ਰਾਤ ੧੨ ਵਜੇ ਸਾਵਧਾਨ ਹੋ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਕਰਦਾ, ਸ੍ਰੀ ਹਰਿਮੰਦਰ ਸਾਹਿਬ ਦੇ ਇਸ਼ਨਾਨ ਦੀ ਸੇਵਾ ਉਪਰੰਤ ਸੰਗਤੀ ਨਿਤਨੇਮ ਸਿਮਰਨ ਵਿਚ ਹਾਜ਼ਰੀਆਂ ਭਰਦਾ, ਤੇ ਫਿਰ ਹਜ਼ੂਰੀ ਕੀਰਤਨ ਦੇ ਅਨੰਦ ਮਾਣਦਾ। ਨਿਤਨੇਮ ਦੀਆਂ ਬਾਣੀਆਂ ਤੋਂ ਇਲਾਵਾ ਸੁਖਮਨੀ ਸਾਹਿਬ ਅਤੇ ਹੋਰ ਕਈ ਬਾਣੀਆਂ ਦੇ ਕੰਠਾਗਰ ਪਾਠ ਕਰਦਾ, ਸਿਖ ਸੰਗਤਾਂ ਦੀ ਸੇਵਾ ਵਿਚ ਸਦਾ ਤੱਤਪਰ ਰਹਿੰਦਾ, ਕਿਰਤ ਵਿਰਤ ਕਰ ਕੇ ਵੰਡ ਛਕਦਾ, ਦਾਸਤ ਭਾਇ ਵਿਚ ਨਿਰਮਾਣ ਵਿਚਰਦਾ ਅਤੇ ਆਪਣਾ ਆਪ ਨਾ ਜਣਾਉਂਦਾ।

ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਅਤੇ ਸਮੂਹ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਖ਼ਾਸ ਕਰਕੇ ਨੌਜਵਾਨ ਬੀਬੀ ਕਮਲਜੀਤ ਕੌਰ (ਸਿੰਘਣੀ) ਨੂੰ, ਜਿਸ ਦੀ ਜ਼ਿੰਦਗੀ ਦਾ ਸਫ਼ਰ ਕਾਲੀ ਬੋਲੀ ਰਾਤ ਵਾਂਗ ਅੰਧੇਰਾ ਜਾਪਦਾ ਹੈ, ਸਤਿਗੁਰੂ ਗੁਰੂ-ਸੰਗਤ ਅਤੇ ਨਾਮ ਬਾਣੀ ਦੀ ਰੌਸ਼ਨੀ ਵਿਚ ਜੀਵਨ-ਮਾਰਗ ਵਿਚ ਸਹਾਈ ਹੋਣ।


www.AKJ.Org
www.AKJ.Org

# ਸਿਹਤ ਲਈ ਲਾਭਦਾਇਕ ਹੈ ਚੁੰਬਕੀ ਪਾਣੀ

[ਡਾਕਟਰ ਰਸਵਿੰਦਰਜੀਤ ਸਿੰਘ ਜੀ]

ਪਾਣੀ ਦਾ ਆਪਣਾ ਨਾ ਕੋਈ ਸਵਾਦ ਹੈ ਨਾ ਰੰਗ। ਇਸ ਦੇ ਰੰਗ ਨੂੰ ਬਦਲਣ ਲਈ ਇਸ ਵਿਚ ਰੰਗ ਪਾਇਆ ਜਾਂਦਾ ਹੈ। ਇਸ ਦਾ ਸਵਾਦ ਵੀ ਕਿਸੇ ਚੀਜ਼ ਨੂੰ ਇਸ ਵਿਚ ਘੋਲਣ ਨਾਲ ਬਦਲਦਾ ਰਹਿੰਦਾ ਹੈ। ਜਦੋਂ ਕੋਈ ਵੀ ਚੀਜ਼ ਜਾਂ ਧਾਤ ਅਸੀਂ ਪਾਣੀ ਨਾਲ ਜੋੜਦੇ ਹਾਂ ਜਾਂ ਉਸ ਵਿਚ ਘੋਲਦੇ ਹਾਂ ਤਾਂ ਉਸ ਦੇ ਗੁਣ ਪਾਣੀ ਵਿਚ ਚਲੇ ਜਾਂਦੇ ਹਨ। ਇਸੇ ਤਰ੍ਹਾਂ ਜਦ ਚੁੰਬਕ ਵੀ ਪਾਣੀ ਨਾਲ ਲਾਇਆ ਜਾਂਦਾ ਹੈ ਜਾਂ ਪਾਣੀ ਵਿਚ ਰੱਖਿਆ ਜਾਂਦਾ ਹੈ ਤਾਂ ਪਾਣੀ ਵਿਚ ਚੁੰਬਕ ਦੇ ਗੁਣ ਪ੍ਰਵੇਸ਼ ਕਰ ਕੇ ਉਸ ਨੂੰ ਚੁੰਬਕੀ ਬਣਾ ਦਿੰਦੇ ਹਨ।

ਚੁੰਬਕੀ ਪਾਣੀ ਰੂਸੀ ਲੋਕਾਂ ਮੁਤਾਬਕ ਚਮਤਕਾਰੀ ਪਾਣੀ ਹੈ, ਜੋ ਪਸ਼ੂਆਂ, ਪੰਛੀਆਂ, ਪੌਦਿਆਂ, ਕਾਰਖਾਨਿਆਂ, ਖਾਣਾਂ, ਕਾਰਾਂ, ਜੀਪਾਂ, ਮਸ਼ੀਨਾਂ ਤੇ ਖ਼ਾਸ ਕਰਕੇ ਮਨੁੱਖੀ ਸਰੀਰ ਲਈ ਬਹੁਤ ਉਪਯੋਗੀ ਹੈ। ਐਸੇ ਕਾਰਖ਼ਾਨੇ ਜਿਥੇ ਪਾਈਪਾਂ ਦਾ ਇਸਤਿਮਾਲ ਹੁੰਦਾ ਹੋਵੇ, ਪਾਈਪਾਂ ਰਾਹੀਂ ਪਾਣੀ ਸਪਲਾਈ ਹੁੰਦਾ ਹੋਵੇ, ਉਥੇ ਪਾਈਪਾਂ ਵਿਚ ਇਕ ਤੋਂ ਦੋ ਇੰਚ ਤਕ ਦੀ ਮੋਟਾਈ ਦਾ ਕੋਈ ਮੁਆਦ ਆਦਿ ਜਮ੍ਹਾ ਹੋ ਜਾਂਦਾ ਹੈ। ਇਸ ਨੂੰ ਜੇ ਚੁੰਬਕੀ ਚੁਗਿਰਦੇ (ਮੈਗਨੈਟਿਕ ਫ਼ੀਲਡ) ਵਿਚ ਰੱਖਿਆ ਜਾਵੇ ਤਾਂ ਉਹ ਨਰਮ ਹੋ ਕੇ ਪਾਊਡਰ ਦੀ ਤਰ੍ਹਾਂ ਹੋ ਜਾਵੇਗਾ, ਜੋ ਆਰਾਮ ਨਾਲ ਸਾਫ਼ ਹੋ ਸਕਦਾ ਹੈ। ਜੇ ਉਨ੍ਹਾਂ ਪਾਈਪਾਂ ਵਿਚੋਂ ਚੁੰਬਕੀ ਪਾਣੀ ਲੰਘਾ ਦਿੱਤਾ ਜਾਵੇ ਤਾਂ ਉਹ ਬਿਲਕੁਲ ਖੁਰ ਜਾਂਦਾ ਹੈ। ਪੁਰਾਣੀਆਂ ਕਾਰਾਂ ਦੇ ਮਿਸਤਰੀ ਕਾਰਾਂ ਦੇ ਰੇਡੀਏਟਰ ਵਿਚ ਆਮ ਪਾਣੀ ਦੀ ਥਾਂ ਚੁੰਬਕੀ ਪਾਣੀ ਵਰਤਦੇ ਹਨ ਤਾਂ ਜੋ ਪਾਈਪ ਸਾਫ ਰਹੇ, ਕਾਰ ਠੀਕ ਕੰਮ ਕਰੇ ਤੇ ਇੰਜਣ ਛੇਤੀ ਗਰਮ ਨਾ ਹੋਵੇ।

ਰੂਸ ਵਿਚ ਚੁੰਬਕੀ ਪਾਣੀ ਦੇ ਤਜਰਬੇ ਪਸ਼ੂਆਂ 'ਤੇ ਵੀ ਕੀਤੇ ਗਏ ਹਨ। ਚੁੰਬਕੀ ਪਾਣੀ ਨਾਲ ਗਾਵਾਂ ਦਾ ਦੁੱਧ ਵੱਧ ਗਿਆ ਹੈ। ਪੌਦਿਆਂ 'ਤੇ ਕੀਤੇ ਤਜਰਬੇ ਅਨੁਸਾਰ ਪੌਦਿਆਂ ਨੂੰ ਚੁੰਬਕੀ ਪਾਣੀ ਦੇਣ ਨਾਲ ਉਨ੍ਹਾਂ ਦੇ ਵਿਕਾਸ ਵਿਚ ੨੦ ਤੋਂ ੪੦ ਫ਼ੀ ਸਦੀ ਤਕ ਵਾਧਾ ਹੋਇਆ ਹੈ। ਚੁੰਬਕੀ ਪਾਣੀ ਨੂੰ ਜੇ ਮਕਾਨ ਦੀ ਉਸਾਰੀ ਲਈ ਤਿਆਰ ਕੀਤੇ ਘੋਲ ਵਿਚ ਵਰਤਿਆ ਜਾਵੇ ਤਾਂ ਘੋਲ ਦੀ ਪਕਿਆਈ ੨੫ ਫ਼ੀ ਸਦੀ ਤੋਂ ਵੀ ਜ਼ਿਆਦਾ ਹੋ ਜਾਂਦੀ ਹੈ। ਮਕਾਨ ਦਾ ਲੈਂਟਰ ਆਮ ਨਾਲੋਂ ਕਿਤੇ ਮਜ਼ਬੂਤ ਹੋ ਜਾਂਦਾ ਹੈ। ਇਸ ਨਾਲ ਸੀਮਿੰਟ ਤੇ ਮਜ਼ਦੂਰੀ ਦਾ ਖ਼ਰਚ ਕਾਫ਼ੀ ਘਟ ਜਾਂਦਾ ਹੈ।

ਇਹ ਚੁੰਬਕੀ ਪਾਣੀ ਮਨੁੱਖੀ ਸਰੀਰ ਵਿਚਲੀਆਂ ਨਾੜੀਆਂ ਵਿਚ ਜੰਮੇ ਰੁਕਾਵਟੀ ਮੁਆਦ ਨੂੰ ਖੋਰ ਦਿੰਦਾ ਹੈ। ਵੈਸੇ ਤਾਂ ਸਾਰੀਆਂ ਹੀ ਸਰੀਰਕ ਬੀਮਾਰੀਆਂ ਦਾ ਇਹ ਇਲਾਜ ਹੈ, ਪਰ ਮਿਹਦਾ, ਨਾੜਾਂ ਤੇ ਪਿਸ਼ਾਬ ਦੇ ਸਿਸਟਮ ਨੂੰ ਠੀਕ ਕਰਨ ਵਿਚ ਇਹ ਬਹੁਤ ਹੀ ਸਹਾਈ ਹੁੰਦਾ ਹੈ। ਜਿਸ ਮਰੀਜ਼ ਦਾ ਪਿਸ਼ਾਬ ਬੰਦ ਹੋਵੇ ਉਸ ਨੂੰ ਦੋ ਚਾਰ ਚਮਚੇ ਹਰ ਅੱਠ-ਦਸ ਮਿੰਟ ਬਾਅਦ ਇਸ ਪਾਣੀ ਦੇ ਦਿੱਤੇ ਜਾਣ ਤਾਂ ਇਕ ਦੋ ਘੰਟੇ ਵਿਚ ਹੀ ਪਿਸ਼ਾਬ ਖੁੱਲ੍ਹ ਜਾਂਦਾ ਹੈ। ਰੂਸ ਦੇ ਕਈ ਹਸਪਤਾਲਾਂ ਵਿਚ ਗੁਰਦੇ ਤੇ ਪਿੱਤੇ ਦੀ ਪਥਰੀ ਦਾ ਇਲਾਜ ਇਸ ਚੁੰਬਕੀ ਪਾਣੀ ਨਾਲ ਹੀ ਕੀਤਾ ਜਾਂਦਾ ਹੈ। ਇਹ ਪਾਣੀ ਪਥਰੀ ਨੂੰ ਤੋੜ ਕੇ ਪਿਸ਼ਾਬ ਰਸਤੇ ਬਾਹਰ ਕੱਢ ਦਿੰਦਾ ਹੈ। ਕਈ ਪੁਰਾਣੇ ਰੋਗੀਆਂ ਦੀ ਕਬਜ਼ ਤਾਂ ਆਮ ਹੀ ਇਸ ਪਾਣੀ ਨਾਲ ਦੂਰ ਹੁੰਦੀ ਦੇਖੀ ਗਈ ਹੈ। ਜੋੜਾਂ ਦੇ ਦਰਦ ਵਾਲੇ ਮਰੀਜ਼ ਲਈ ਇਹ ਪਾਣੀ ਜਾਦੂ ਤੋਂ ਕਿਤੇ ਵੱਧ ਸਾਬਤ ਹੁੰਦਾ ਹੈ। ਸਾਹ ਦੀ ਬੀਮਾਰੀ ਵਾਲੇ ਮਰੀਜ਼ ਵੀ ਇਸ ਨੂੰ ਪੀ ਕੇ ਕਾਫ਼ੀ ਸੌਖੇ ਮਹਿਸੂਸ ਕਰਦੇ ਹਨ। ਉਨ੍ਹਾਂ ਦੇ ਫੇਫੜੇ ਇਸ ਨਾਲ ਸਾਫ਼ ਹੋ ਜਾਂਦੇ ਹਨ। ਬੰਦ ਹੋਈਆਂ ਦਿਲ ਦੀਆਂ ਧਮਨੀਆਂ ਵੀ ਚੁੰਬਕੀ ਪਾਣੀ ਨਾਲ ਖੁੱਲ੍ਹ ਜਾਂਦੀਆਂ ਹਨ ਤੇ ਰੋਗੀ, ਦਿਲ ਦੇ ਵੱਡੇ ਅਪਰੇਸ਼ਨ ਤੋਂ ਬਚ ਜਾਂਦਾ ਹੈ।

ਚੁੰਬਕੀ ਪਾਣੀ ਤਿਆਰ ਕਰਨ ਦੇ ਬਹੁਤ ਸਾਰੇ ਤਰੀਕੇ ਹਨ। ਹਰ ਚੁੰਬਕੀ ਮਾਹਿਰ ਇਸ ਨੂੰ ਆਪਣੇ ਤਰੀਕੇ ਨਾਲ ਤਿਆਰ ਕਰਦਾ ਹੈ। ਰੂਸ ਤੇ ਅਮਰੀਕਾ ਵਿਚ ਵੀ ਇਸ ਪਾਣੀ ਨੂੰ ਤਿਆਰ ਕਰਨ ਦੀਆਂ ਆਪਣੀਆਂ ਆਪਣੀਆਂ ਵਿਧੀਆਂ ਹਨ। ਕੋਈ ਚੁੰਬਕੀ ਮਾਹਿਰ ਇਕ ਲੋਹੇ ਦੀ ਛੜੀ, ਜੋ ਪੱਕੀ ਚੁੰਬਕ ਹੋਵੇ, ਨੂੰ



www.AKJ.Org

www.AKJ.Org

ਸਾਫ਼ ਕਰ ਕੇ (ਉਸ 'ਤੇ ਕੋਈ ਰੰਗ ਆਦਿ ਨਾ ਹੋਵੇ) ਪਾਣੀ ਦੀ ਬੋਤਲ ਵਿਚ ਪਾ ਕੇ ਰੱਖ ਦਿੰਦੇ ਹਨ। ਕੋਈ ੧੨ ਘੰਟੇ ਤੇ ਕੋਈ ੨੪ ਘੰਟੇ ਬਾਅਦ ਉਸ ਨੂੰ ਚੁੰਬਕੀ ਪਾਣੀ ਮੰਨ ਲੈਂਦੇ ਹਨ। ਪਾਣੀ ਕੱਢ ਕੇ ਹੋਰ ਬੋਤਲ ਵਿਚ ਪਾ ਕੇ ਵਰਤਿਆ ਜਾਂਦਾ ਹੈ। ਇਸ ਤੋਂ ਇਲਾਵਾ ਕਈ ਮਾਹਿਰ ਕਿਸੇ ਵੱਡੇ ਜਾਰ ਵਿਚ ਪਾਣੀ ਪਾ ਕੇ ਵੱਡਾ ਚੁੰਬਕ ਉਸ ਵਿਚ ਰੱਖ ਕੇ ੬ ਜਾਂ ੮ ਘੰਟੇ ਬਾਅਦ ਪਾਣੀ ਕੱਢ ਲੈਂਦੇ ਹਨ ਤੇ ਉਹ ਚੁੰਬਕੀ ਪਾਣੀ ਵਰਤਿਆ ਜਾਂਦਾ ਹੈ ਤੇ ਉਸ ਜਾਰ ਵਿਚ ਹੋਰ ਪਾਣੀ ਪਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਵਿਧੀ ਹੈ ਕਿ ਦੋ ਚੁੰਬਕ ਅਲੱਗ ਅਲੱਗ ਸਿਰਿਆਂ ਦੇ—ਇਕ ਉਤਰੀ ਸਿਰਾ ਤੇ ਦੂਜਾ ਦੱਖਣੀ ਸਿਰਾ ਗੋਲਾਕਾਰ ਦਾਇਰੇ ਲੈ ਕੇ ਉਨ੍ਹਾਂ 'ਤੇ ਅਲੱਗ ਅਲੱਗ ਬੋਤਲ ਰੱਖ ਦਿੱਤੀ ਜਾਂਦੀ ਹੈ। ਬਾਅਦ ਵਿਚ ੪-੬ ਘੰਟੇ ਬਾਅਦ ਉਨ੍ਹਾਂ ਦੋਹਾਂ ਨੂੰ ਕਿਸੇ ਜਾਰ ਵਿਚ ਰਲਾ ਕੇ ਵਰਤਿਆ ਜਾਂਦਾ ਹੈ।

ਰੋਪੜ ਨੇਚਰ ਕੇਅਰ ਹਸਪਤਾਲ ਮੁਹਾਲੀ ਵਿਚ ਵੀ ਬਹੁਤ ਸਾਰੇ ਮਰੀਜ਼ਾਂ ਵਾਸਤੇ ਦੋ ਚੁੰਬਕਾਂ 'ਤੇ ਵੱਡੀਆਂ ਬਾਲਟੀਆਂ ਸਾਰੀ ਰਾਤ ਰੱਖ ਕੇ ਚੁੰਬਕੀ ਪਾਣੀ ਤਿਆਰ ਕੀਤਾ ਜਾਂਦਾ ਹੈ।

ਰੂਸ ਵਿਚ ਚੁੰਬਕੀ ਪਾਣੀ ਤਿਆਰ ਕਰਨ ਦੀ ਵਿਧੀ, ਜੋ ਆਮ ਤੌਰ 'ਤੇ ਰੂਸੀ ਹਸਪਤਾਲਾਂ ਵਿਚ ਵਰਤੀ ਜਾਂਦੀ ਹੈ, ਅਨੁਸਾਰ ਉਹ ਇਕ ਬੋਤਲ ਉਲਟੀ ਕਰ ਕੇ ਟੰਗ ਦਿੰਦੇ ਹਨ। ਉਸ 'ਤੇ ਕਿਸੇ ਬਟਣ ਨਾਲ ਕੰਟਰੋਲ ਰਖਿਆ ਜਾਂਦਾ ਹੈ ਤਾਂ ਕਿ ਉਸ ਵਿਚੋਂ ਇਕ ਇਕ ਬੂੰਦ ਪਾਣੀ ਡਿੱਗੇ। ਉਹ ਪਾਣੀ ਫਿਰ ਚੁੰਬਕ ਦੇ ਦੋਵਾਂ ਸਿਰਿਆਂ ਨੂੰ ਖਹਿ ਕੇ ਥੱਲੇ ਇਕ ਜਾਰ ਵਿਚ ਡਿੱਗਦਾ ਹੈ। ਉਹ ਚੁੰਬਕੀ ਪਾਣੀ ਹੁੰਦਾ ਹੈ। ਅਮਰੀਕਾ ਵਿਚ ਅਲੱਗ ਅਲੱਗ ਸਿਰਿਆਂ 'ਤੇ ਪਾਣੀ ਤਿਆਰ ਕੀਤਾ ਜਾਂਦਾ ਹੈ ਜਿਸ ਨੂੰ ਉਹ ਉਤਰੀ ਸਿਰਾ ਚੁੰਬਕੀ ਪਾਣੀ ਤੇ ਦੱਖਣੀ ਸਿਰਾ ਚੁੰਬਕੀ ਪਾਣੀ ਕਹਿੰਦੇ ਹਨ। ਇਨ੍ਹਾਂ ਦੋਹਾਂ ਸਿਰਿਆਂ ਦਾ ਪਾਣੀ ਇਨ੍ਹਾਂ ਸਿਰਿਆਂ ਦੇ ਗੁਣ ਮੁਤਾਬਕ ਵਰਤਿਆ ਜਾਂਦਾ ਹੈ। ਉਤਰੀ ਸਿਰੇ ਦਾ ਪਾਣੀ ਉਥੇ ਬੈਡ-ਸੋਰ ਵਰਗੀ ਭਿਆਨਕ ਤਕਲੀਫ਼ ਲਈ ਵਰਤਿਆ ਜਾਂਦਾ ਹੈ। ਇਹ ਪਾਣੀ ਜ਼ਖ਼ਮਾਂ ਨੂੰ ਸਾਫ ਕਰਨ ਲਈ ਵੀ ਵਰਤਿਆ ਜਾਂਦਾ ਹੈ।

ਚੁੰਬਕੀ ਪਾਣੀ ਆਮ ਪਾਣੀ ਤੋਂ ਬਹੁਤ ਤਾਕਤਵਰ ਹੋਣ ਕਰਕੇ ਇਸ ਦਾ ਇਸਤਿਮਾਲ ਆਮ ਪਾਣੀ ਦੀ ਤਰ੍ਹਾਂ ਨਹੀਂ ਕੀਤਾ ਜਾ ਸਕਦਾ। ਬਾਲਗ ਲਈ ਇਹ ਪਾਣੀ ਦੋ ਔਂਸ ਭਾਵ ਅੱਧਾ ਕੱਪ ਚਾਰ ਵਾਰ ਦਿਹਾੜੀ ਵਿਚ, ਬੇਸ਼ੱਕ ਇਕ ਵਾਰ ਰਾਤ ਸੌਣ ਵਕਤ, ਇਕ ਵਾਰ ਸਵੇਰੇ ਉਠ ਕੇ ਤੇ ਦੋ ਵਾਰ ਦਿਹਾੜੀ ਵਿਚ ਪੀਵੇ। ਬੱਚੇ ਲਈ ਇਕ ਔਂਸ ਭਾਵ ਇਕ-ਚੌਥਾਈ ਕੱਪ ਚਾਰ ਵਾਰ ਇਸੇ ਤਰ੍ਹਾਂ ਦਿੱਤਾ ਜਾ ਸਕਦਾ ਹੈ। ਇਹ ਪਾਣੀ ਇਕ-ਦਮ ਨਹੀਂ ਪੀਣਾ ਚਾਹੀਦਾ। ਚਾਹ ਦੀ ਤਰ੍ਹਾਂ ਘੁੱਟ ਘੁੱਟ ਕਰ ਕੇ ਪੀਣਾ ਚਾਹੀਦਾ ਹੈ, ਤਾਂ ਕਿ ਮੂੰਹ ਤੇ ਦਿਮਾਗ ਦੀਆਂ ਨਾੜੀਆਂ ਵਿਚ ਵੀ ਇਸ ਦਾ ਅਸਰ ਜਾਵੇ। ਖ਼ਾਸ ਦਰਦਾਂ ਜਾਂ ਇਨਫ਼ੈਕਸ਼ਨ ਦੇ ਰੋਗੀ ਨੂੰ ਇਹ ਪਾਣੀ ਛੇ ਜਾਂ ਅੱਠ ਵਾਰ ਵੀ ਦਿੱਤਾ ਜਾ ਸਕਦਾ ਹੈ। ਗੁਰਦੇ ਤੇ ਪਿਸ਼ਾਬ ਦੇ ਰੋਗੀ ਲਈ ਹਰ ੧੦ ਮਿੰਟ ਬਾਅਦ ਵੀ ਦਿੱਤਾ ਜਾ ਸਕਦਾ ਹੈ। ਬੁਖ਼ਾਰ ਆਦਿ ਵਿਚ ਬੱਚਿਆਂ ਨੂੰ ਦੋ ਦੋ ਚਮਚ ਹਰ ਅੱਧੇ ਘੰਟੇ ਬਾਅਦ ਦੇਣ ਨਾਲ ੪-੫ ਘੰਟੇ ਵਿਚ ਬੁਖ਼ਾਰ ਉਤਰ ਜਾਂਦਾ ਹੈ।

ਪੰਜਾਬ ਵਿਚ ਬਹੁਤ ਸਾਰੇ ਲੋਕਾਂ ਨੂੰ ਰਾਤ ਨੂੰ ਸੌਣ ਵਕਤ ਦੁੱਧ ਪੀਣ ਦੀ ਆਦਤ ਹੈ। ਜੇ ਦੁੱਧ ਦੇ ਗਰਮ ਗਿਲਾਸ ਨੂੰ ਗੋਲਾਕਾਰ ਅਕਾਰ ਦੇ ਦੱਖਣੀ ਸਿਰੇ 'ਤੇ ਰੱਖੀਏ ਤਾਂ ੨੦-੨੫ ਮਿੰਟ ਬਾਅਦ ਉਹ ਦੁੱਧ ਚੁੰਬਕੀ ਹੋ ਜਾਂਦਾ ਹੈ। ਉਸ ਵਿਚ ਦੁੱਧ ਤੋਂ ਮਿਲਣ ਵਾਲੇ ਸਾਰੇ ਖਣਿਜ ਪਦਾਰਥਾਂ ਦੀ ਸ਼ਕਤੀ ਕਈ ਗੁਣਾ ਵਧ ਜਾਂਦੀ ਹੈ।

ਚੁੰਬਕੀ ਪਾਣੀ ਤੇ ਦੁੱਧ ਤੋਂ ਇਲਾਵਾ ਚੁੰਬਕੀ ਤੇਲ ਵੀ ਆਪਣੇ ਆਪ ਵਿਚ ਇਕ ਕਰਾਮਾਤ ਹੈ। ਜਿਵੇਂ ਪਾਣੀ ਚਾਰਜ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਦੋ ਚੁੰਬਕ ਇਕ ਉਤਰੀ ਸਿਰਾ ਤੇ ਦੂਜਾ ਦੱਖਣੀ ਸਿਰੇ ਦਾ ਲੈ ਕੇ ਤੇਲ ਦੀ ਬੋਤਲ ਉਸ 'ਤੇ ਲਿਟਾ ਦਿੱਤੀ ਜਾਂਦੀ ਹੈ ਤੇ ਤੇਲ ਨੂੰ ਤਿਆਰ ਹੋਣ ਵਿਚ ਪਾਣੀ ਤੋਂ ਕੁਝ ਜ਼ਿਆਦਾ ਸਮਾਂ ਲਗਦਾ ਹੈ। ਇਸ ਨੂੰ ਘੱਟੋ ਘੱਟ ੮ ਦਿਨ ਲਗਾਤਾਰ ਚੁੰਬਕ 'ਤੇ ਰੱਖਣ ਤੋਂ ਬਾਅਦ ਇਹ ਚੁੰਬਕੀ ਤੇਲ ਬਣ ਜਾਂਦਾ ਹੈ। ਇਹ ਤੇਲ ਸਰੀਰ ਦੇ ਕਿਸੇ ਖਰਾਬ ਹਿੱਸੇ ਦੀ ਮਾਲਿਸ਼, ਆਮ ਮਾਲਿਸ਼, ਕਿਸੇ ਸੱਟ, ਕਿਸੇ ਜ਼ਖ਼ਮ ਅਤੇ ਸਾੜ ਲਈ ਬਹੁਤ ਅੱਛਾ ਸਾਬਤ ਹੁੰਦਾ ਹੈ। ਇਹ ਤੇਲ ਵਰਤਣ ਨਾਲ ਸਿਰ ਦੇ ਵਾਲਾਂ ਦਾ ਰੰਗ ਚਿੱਟਾ ਨਹੀਂ ਹੁੰਦਾ ਤੇ ਸਿਰ ਦੀ ਸਿਕਰੀ ਹਮੇਸ਼ਾ ਲਈ ਖ਼ਤਮ ਹੋ ਜਾਂਦੀ ਹੈ।

www.AKJ.Org
www.AKJ.Org

# ਹਮਜ਼ਾ ਗੌਂਸ

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਪਛਮੀ ਪੰਜਾਬ ਵਿਚ ਇਕ ਸ਼ਹਿਰ ਸਿਆਲਕੋਟ ਹੈ। ਇਥੇ ਇਕ ਮੁਸਲਮਾਨ ਫ਼ਕੀਰ ਰਹਿੰਦਾ ਸੀ, ਜਿਸ ਦਾ ਨਾਮ ਸੀ ਹਮਜ਼ਾ ਗੌਂਸ। ਇਹ ਕਰਣੀ ਵਾਲਾ ਫ਼ਕੀਰ ਸੀ। ਲੋਕ ਇਸ ਦਾ ਬੜਾ ਸਤਿਕਾਰ ਕਰਦੇ ਅਤੇ ਦਿਲ ਵਿਚ ਉਸ ਦਾ ਭੈ ਰਖਦੇ ਸਨ, ਕਿਉਂਕਿ ਉਹਨਾਂ ਦਾ ਇਹ ਯਕੀਨ ਸੀ ਕਿ ਹਮਜ਼ਾ ਗੌਂਸ ਜੋ ਕਹਿ ਦੇਵੇ ਓਹ ਹੋ ਜਾਂਦਾ ਹੈ ਲੋਕਾਂ ਦਾ ਵਿਸ਼ਵਾਸ ਸੀ ਕਿ ਉਸ ਨੇ ਰੱਬ ਦੀ ਬੰਦਗੀ ਕਰ ਕੇ ਰੱਬ ਨੂੰ ਆਪਣੇ ਵਸ ਵਿਚ ਕੀਤਾ ਹੋਇਆ ਹੈ। ਓਹ ਜੋ ਰੱਬ ਨੂੰ ਕਹੇ, ਰੱਬ ਉਸ ਦਾ ਆਖਿਆ ਕਦੀ ਮੋੜਦਾ ਨਹੀਂ। ਹਮਜ਼ਾ ਗੌਂਸ ਨੂੰ ਭੀ ਇਸ ਗੱਲ ਦਾ ਹੰਕਾਰ ਹੋ ਗਿਆ ਸੀ ਕਿ ਸਭ ਲੋਕ ਜੁ ਮੈਥੋਂ ਡਰਦੇ ਹਨ, ਮੈਂ ਸੱਚ ਮੁੱਚ ਹੀ ਬੜੀ ਸਮਰੱਥਾ ਵਾਲਾ ਹੋ ਗਿਆ ਹਾਂ ਅਤੇ ਮੈਂ ਜੋ ਚਾਹਵਾਂ ਕਰ ਸਕਦਾ ਹਾਂ।

ਇਕ ਵਾਰ ਉਹ ਸ਼ਹਿਰ ਸਿਆਲਕੋਟ ਦੇ ਲੋਕਾਂ ਨਾਲ ਗੁਸੇ ਹੋ ਗਿਆ ਅਤੇ ਹੰਕਾਰ ਵਿਚ ਆ ਕੇ ਕਹਿਣ ਲਗਾ, "ਮੈਂ ਸਾਰੇ ਸ਼ਹਿਰ ਨੂੰ ਗ਼ਰਕ ਕਰ ਦੇਵਾਂਗਾ।" ਇਸ ਗੱਲ ਦੇ ਕਰਨ ਲਈ ਅਤੇ ਡਰੇ ਹੋਏ ਲੋਕਾਂ ਨੂੰ ਹੋਰ ਡਰਾਉਣ ਲਈ ਇਕ ਗੁੰਬਦ ਵਾਲੇ ਮਕਾਨ ਵਿਚ ਵੜ ਗਿਆ। ਇਸ ਦਾ ਬੂਹਾ ਹਛੀ ਤਰਾਂ ਬੰਦ ਕਰ ਲਿਆ ਅਤੇ ਆਪਣੇ ਚੇਲਿਆਂ ਰਾਹੀਂ ਇਹ ਗੱਲ ਸਾਰੇ ਸ਼ਹਿਰ ਵਿਚ ਤੇ ਬਾਹਰ ਫੈਲਾ ਦਿਤੀ ਕਿ ਪੀਰ ਹਮਜ਼ਾ ਗੌਂਸ ਨੇ ਚਲੀਹਾ ਰੱਖ ਲਿਆ ਹੈ। ਉਹ ਚਾਲੀ ਦਿਨ ਗੁੰਬਦ ਦੇ ਅੰਦਰ ਰਹੇਗਾ ਤੇ ਸੂਰਜ ਦਾ ਮੂੰਹ ਨਹੀਂ ਵੇਖੇਗਾ ਅਤੇ ਜਿਸ ਦਿਨ ਉਸ ਦਾ ਚਲੀਹਾ ਪੂਰਾ ਹੋ ਗਿਆ ਉਸ ਦਿਨ ਸ਼ਹਿਰ ਸਿਆਲਕੋਟ ਉਤੇ ਕੋਈ ਅਜਿਹਾ ਕਹਿਰ ਵਰਤੇਗਾ ਕਿ ਸਾਰਾ ਸ਼ਹਿਰ ਧਰਤੀ ਵਿਚ ਗ਼ਰਕ ਹੋ ਜਾਵੇਗਾ। ਸ਼ਹਿਰ ਦੇ ਭੋਲੇ ਲੋਕਾਂ ਅੰਦਰ ਇਸ ਗੱਲ ਦਾ ਬਹੁਤ ਜ਼ਿਆਦਾ ਭੈ ਹੋ ਗਿਆ ਅਤੇ ਲੋਕ ਲਗੇ ਸ਼ਹਿਰ ਛੱਡ ਛੱਡ ਕੇ ਭੱਜਣ। ਜਿਉਂ ਜਿਉਂ ਚਲੀਹੇ ਦੇ ਦਿਨ ਮੁਕਣ ਲਗੇ, ਲੋਕ ਡਰ ਨਾਲ ਹੀ ਅਧਮੋਏ ਹੁੰਦੇ ਗਏ। ਸਿਆਲਕੋਟ ਸ਼ਹਿਰ ਉਤੇ ਇਹ ਇਕ ਵਡੀ ਬਿਪਤਾ ਆ ਪਈ ਸੀ। ਹਰ ਥਾਂ ਹਾਹਾਕਾਰ ਮਚ ਗਈ।

ਇਨ੍ਹੀਂ ਦਿਨੀਂ ਗੁਰੂ ਨਾਨਕ ਦੇਵ ਜੀ ਭੀ ਪਛਮੀ ਪੰਜਾਬ ਦੇ ਇਸੇ ਇਲਾਕੇ ਵਿਚ ਆਏ ਹੋਏ ਸਨ। ਜਦੋਂ ਉਨ੍ਹਾਂ ਨੂੰ ਸਿਆਲਕੋਟ ਦੇ ਲੋਕਾਂ ਦੀ ਇਸ ਹਾਲਤ ਦਾ ਪਤਾ ਲਗਾ ਤਾਂ ਆਪ ਮਰਦਾਨੇ ਸਮੇਤ ਸਿਆਲਕੋਟ ਨੂੰ ਤੁਰ ਪਏ। ਇਥੇ ਪੁਜ ਕੇ ਉਨ੍ਹਾਂ ਨੇ ਸ਼ਹਿਰ ਦੇ ਬਾਹਰ ਡੇਰਾ ਲਾ ਦਿਤਾ ਅਤੇ ਮਰਦਾਨੇ ਨੂੰ ਭੇਜਿਆ ਕਿ ਪੀਰ ਹਮਜ਼ਾ ਗੌਂਸ ਨੂੰ ਬੁਲਾ ਲਿਆਵੇ। ਮਰਦਾਨਾ ਉਸ ਗੁੰਬਦ ਪਾਸ ਪੁਜਾ, ਜਿਥੇ ਹਮਜ਼ਾ ਗੌਂਸ ਨੇ ਚਲੀਹਾ ਰਖਿਆ ਹੋਇਆ ਸੀ। ਪਰ ਪੀਰ ਦੇ ਚੇਲਿਆਂ ਨੇ ਮਰਦਾਨੇ ਨੂੰ ਅਗੇ ਨਾ ਜਾਣ ਦਿਤਾ ਅਤੇ ਇਹ ਕਹਿ ਕੇ ਮੋੜ ਦਿਤਾ ਕਿ ਚਾਲੀ ਦਿਨ ਪੂਰੇ ਹੋਣ ਤੋਂ ਪਹਿਲੋਂ ਪੀਰ ਜੀ ਬਾਹਰ ਨਹੀਂ ਆ ਸਕਦੇ। ਮਰਦਾਨਾ ਨਿਰਾਸ ਵਾਪਸ ਮੁੜਿਆ ਅਤੇ ਗੁਰੂ ਜੀ ਨੂੰ ਸਾਰੀ ਗੱਲ ਕਹਿ ਸੁਣਾਈ।

ਗੁਰੂ ਨਾਨਕ ਦੇਵ ਜੀ ਦਾ ਆਉਣਾ ਸੁਣ ਕੇ ਸ਼ਹਿਰ ਦੇ ਬਹੁਤ ਲੋਕ ਆਪ ਦੇ ਦੁਆਲੇ ਆ ਇਕੱਠੇ ਹੋਏ ਅਤੇ ਲਗੇ ਆਪਣੇ ਦੁਖ ਦੇ ਵਾਰਤਾਲਾਪ ਕਰਨ. ਗੁਰੂ ਜੀ ਨੇ ਉਨ੍ਹਾਂ ਸਾਰਿਆਂ ਨੂੰ ਧੀਰਜ ਦਿਤਾ ਅਤੇ ਸਤਿਨਾਮ ਵਾਹਿਗੁਰੂ ਦੇ ਨਾਮ ਦੇ ਸਿਮਰਨ ਵਲ ਜੁੜਨ ਦੀ ਸਿਖਿਆ ਦਿਤੀ, ਪਰ ਕਚੇ ਪਿੱਲੇ ਲੋਕਾਂ ਦਾ ਦਿਲ ਨਾ ਖਲੋਵੇ ਅਤੇ ਜਿਵੇਂ ਜਿਵੇਂ ਚਲੀਹੇ ਦਾ ਆਖਰੀ ਦਿਨ ਨੇੜੇ ਆਉਂਦਾ ਦਿਸੇ, ਉਹ ਵਧੇਰੇ ਘਬਰਾਉਂਦੇ ਜਾਣ।

ਇਕ ਦਿਨ ਜਦੋਂ ਹਮਜ਼ਾ ਗੌਂਸ ਗੁੰਬਦ ਦੇ ਅੰਦਰ ਬੈਠਾ ਆਪਣਾ ਹਠ ਪੂਰਾ ਕਰ ਰਿਹਾ ਸੀ, ਸਿਖਰ ਦੁਪਹਿਰ ਦਾ ਵੇਲਾ ਸੀ, ਰੱਬ ਦਾ ਕਰਨਾ ਅਜਿਹਾ ਹੋਇਆ ਕਿ ਇਕੋ ਵੇਰ ਗੁੰਬਦ ਉਪਰ ਤੋਂ ਪਾਟ ਗਿਆ ਅਤੇ ਗੁੰਬਦ ਵਿਚ ਆਈ ਤਰੇੜ ਵਿਚੋਂ ਸੂਰਜ ਦੀ ਧੁਪ ਗੁੰਬਦ ਦੇ ਅੰਦਰ ਹਮਜ਼ਾ ਗੌਂਸ ਦੇ ਮੂੰਹ ਤੇ ਪਈ। ਉਹ ਧੁਪ ਤੇ ਚਾਨਣਾ ਵੇਖ ਘਬਰਾ ਗਿਆ ਅਤੇ ਉਹਨੇ ਛੇਤੀ ਨਾਲ ਉਠ ਕੇ ਚੇਲਿਆਂ ਨੂੰ ਦਰਵਾਜ਼ਾ ਖੋਲ੍ਹਣ ਵਾਸਤੇ ਕਿਹਾ।



www.AKJ.Org
www.AKJ.Org

ਪੀਰ ਤੇ ਉਸ ਦੇ ਚੇਲੇ ਹੈਰਾਨ ਸਨ ਕਿ ਇਹ ਕੀ ਭਾਣਾ ਵਰਤਿਆ ਹੈ ਜੁ ਪੀਰ ਜੀ ਦਾ ਚਲੀਹਾ ਚਾਲੀ ਦਿਨ ਪੂਰੇ ਹੋਣ ਤੋਂ ਪਹਿਲੋਂ ਹੀ ਟੁਟ ਗਿਆ। ਪੁੱਛਣ ਦੱਸਣ ਤੋਂ ਹਮਜ਼ਾ ਗੌਂਸ ਨੂੰ ਪਤਾ ਲਗਾ ਕਿ ਸ਼ਹਿਰੋਂ ਬਾਹਰ ਇਕ ਰੱਬ ਦਾ ਪਿਆਰਾ ਆਇਆ ਹੈ। ਉਸ ਨੂੰ ਫੁਰਿਆ ਕਿ ਹੋਵੇ ਨਾ ਤਾਂ ਇਹ ਉਸੇ ਦਾ ਕੰਮ ਹੈ। ਉਸ ਨੇ ਹੀ ਮੇਰਾ ਹੰਕਾਰ ਤੋੜਨ ਲਈ ਇਹ ਕੁਝ ਕੀਤਾ ਹੈ।

ਹਮਜ਼ਾ ਗੌਂਸ ਉਸੇ ਘੜੀ ਆਪਣੇ ਚੇਲਿਆਂ ਸਮੇਤ ਗੁਰੂ ਨਾਨਕ ਦੇਵ ਜੀ ਪਾਸ ਪੁਜਿਆ ਅਤੇ ਬੜੇ ਅਦਬ ਨਾਲ ਗੁਰੂ ਜੀ ਨੂੰ ਜਾ ਸਲਾਮ ਕੀਤਾ। ਗੁਰੂ ਜੀ ਨੇ ਹਮਜ਼ਾ ਗੌਂਸ ਨੂੰ ਜੀ ਆਇਆਂ ਕਿਹਾ ਅਤੇ ਸਤਿਕਾਰ ਨਾਲ ਉਸ ਨੂੰ ਆਪਣੇ ਪਾਸ ਬਿਠਾ ਲਿਆ। ਗੱਲ ਬਾਤ ਸ਼ੁਰੂ ਹੋਈ ਤਾਂ ਗੁਰੂ ਜੀ ਨੇ ਪੁਛਿਆ, "ਪੀਰ ਜੀ, ਤੁਸੀਂ ਇਹ ਚਲੀਹਾ ਕਿਸ ਲਈ ਰਖਿਆ ਸੀ ?" ਹਮਜ਼ਾ ਗੌਂਸ ਕਹਿਣ ਲਗਾ, "ਸਿਆਲਕੋਟ ਝੂਠੇ ਅਤੇ ਬੇ-ਧਰਮੇ ਲੋਕਾਂ ਦਾ ਸ਼ਹਿਰ ਹੈ, ਮੇਰਾ ਅੱਲਾ ਨਹੀਂ ਚਾਹੁੰਦਾ ਕਿ ਸੰਸਾਰ ਅੰਦਰ ਝੂਠ ਤੇ ਅੱਨਿਆਂ ਦਾ ਰਾਜ ਹੋਵੇ। ਇਸੇ ਲਈ ਅਜਿਹੇ ਝੂਠੇ ਲੋਕਾਂ ਦਾ ਮਲੀਆਮੇਟ ਕਰ ਦੇਣ ਲਈ ਮੈਂ ਇਹ ਚਲੀਹੇ ਦਾ ਤਪ ਸਾਧਨ ਕੀਤਾ ਸੀ।"

ਗੁਰੂ ਜੀ ਬੋਲੇ, "ਪੀਰ ਜੀ, ਤੁਸੀਂ ਆਪਣੇ ਅੱਲਾ ਨੂੰ ਕਰੀਮ ਤੇ ਰਹੀਮ (ਦਇਆਵਾਨ ਅਤੇ ਤਰਸਵਾਨ) ਮੰਨਦੇ ਹੋ, ਉਹ ਸਾਰੇ ਜੀਵਾਂ ਤੇ ਤਰਸ ਕਰਦਾ ਹੈ। ਉਹ ਕਰੀਮ ਤੇ ਰਹੀਮ ਖ਼ੁਦਾਵੰਦ ਲੋਕਾਂ ਤੇ ਕਹਿਰ ਢਾਹੁਣ ਵਾਲੇ ਤੁਹਾਡੇ ਇਸ ਕੰਮ ਤੇ ਕਿਵੇਂ ਖ਼ੁਸ਼ ਹੋਵੇਗਾ ? ਫਿਰ ਤੁਸੀਂ ਕਹਿੰਦੇ ਹੋ ਕਿ ਇਹ ਸਾਰਾ ਸ਼ਹਿਰ ਹੀ ਝੂਠੇ ਲੋਕਾਂ ਦਾ ਹੈ, ਇਹ ਭੀ ਮੰਨਣ ਵਾਲੀ ਗੱਲ ਨਹੀਂ। ਰੱਬ ਦੀ ਖ਼ਲਕਤ ਅੰਦਰ ਝੂਠੇ ਵੀ ਹਨ ਅਤੇ ਸਚੇ ਭੀ। ਚੰਗੇ ਮੰਦੇ ਲੋਕ ਹਰ ਥਾਂ ਹੁੰਦੇ ਹਨ ਅਤੇ ਇਥੇ ਵੀ ਕਈ ਭਲੇ ਪੁਰਖ ਵਸਦੇ ਹਨ। ਅਸੀਂ ਤੁਹਾਨੂੰ ਇਹ ਗੱਲ ਹੁਣੇ ਨਿਸਚੇ ਕਰਾ ਦੇਂਦੇ ਹਾਂ।" ਇਉਂ ਕਹਿੰਦੇ ਹੋਏ ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਮਰਦਾਨਿਆ, ਸ਼ਹਿਰ ਨੂੰ ਜਾਹ ਅਤੇ ਉਥੋਂ ਕਿਸੇ ਦੁਕਾਨ ਤੋਂ ਟੱਕੇ ਦਾ ਸੱਚ ਅਤੇ ਝੂਠ ਖ਼ਰੀਦ ਲਿਆ।"

ਮਰਦਾਨੇ ਨੇ ਸਤਿ ਬਚਨ ਕਹਿ ਕੇ ਟੱਕਾ ਹੱਥ ਲਿਆ ਅਤੇ ਸ਼ਹਿਰ ਨੂੰ ਤੁਰ ਗਿਆ। ਪੀਰ ਦੇ ਕਈ ਚੇਲੇ ਤੇ ਹੋਰ ਲੋਕ ਭੀ ਇਹ ਨਵੀਂ ਕਿਸਮ ਦਾ ਸੌਦਾ ਹੁੰਦਾ ਵੇਖਣ ਲਈ ਮਰਦਾਨੇ ਦੇ ਨਾਲ ਤੁਰ ਪਏ। ਮਰਦਾਨਾ ਹੱਟੀ ਹੱਟੀ ਫਿਰ ਕੇ ਪੁਛਣ ਲਗਾ ਕਿ 'ਟੱਕੇ ਦਾ ਸੱਚ ਝੂਠ ਦਿਓ'। ਪਰ ਕਿਸੇ ਹਟਵਾਣੀਏ ਪਾਸੋਂ ਉਸ ਨੂੰ ਇਹ ਸੌਦਾ ਨਾ ਮਿਲਿਆ। ਅਖ਼ੀਰ ਇਕ ਹੱਟੀ ਤੇ ਇਸ ਨੇ ਜਦੋਂ ਟੱਕੇ ਦਾ ਸਚ ਝੂਠ ਮੰਗਿਆ ਤਾਂ ਉਸ ਨੇ ਮਰਦਾਨੇ ਪਾਸੋਂ ਟੱਕਾ ਲੈ ਲਿਆ ਅਤੇ ਇਕ ਕਾਗਜ਼ ਉਤੇ ਕੁਝ ਲਿਖ ਕੇ ਉਹ ਕਾਗਜ਼ ਮਰਦਾਨੇ ਨੂੰ ਦੇ ਦਿਤਾ। ਮਰਦਾਨਾ ਅਤੇ ਉਸ ਦੇ ਨਾਲ ਦੇ ਸਾਰੇ ਲੋਕ ਵਾਪਸ ਮੁੜੇ ਅਤੇ ਉਹ ਕਾਗਜ਼ ਗੁਰੂ ਜੀ ਨੂੰ ਲਿਆ ਦਿਤਾ। ਉਨ੍ਹਾਂ ਨੇ ਇਹ ਖੋਲ੍ਹ ਕੇ ਪੜ੍ਹਿਆ ਤਾਂ ਉਸ ਉਪਰ ਲਿਖਿਆ ਸੀ, 'ਮਰਨਾ ਸੱਚ ਅਤੇ ਜੀਊਣਾ ਝੂਠ।'

ਗੁਰੂ ਜੀ ਨੇ ਹਮਜ਼ਾ ਗੌਂਸ ਨੂੰ ਸਮਝਾਇਆ ਕਿ ਵੇਖ, ਤੇਰੇ ਇਸੇ ਸ਼ਹਿਰ ਵਿਚ, ਜਿਸ ਨੂੰ ਤੂੰ ਝੂਠਿਆਂ ਤੇ ਬੇਈਮਾਨਾਂ ਦਾ ਸ਼ਹਿਰ ਦਸਦਾ ਹੈਂ, ਸੱਚ ਤੇ ਝੂਠ ਦੀ ਪਛਾਣ ਵਾਲੇ ਪੁਰਖ ਮੌਜੂਦ ਹਨ। ਸਾਰੇ ਜੀਵਾਂ ਦੇ ਪੈਦਾ ਕਰਨ ਵਾਲਾ ਅਤੇ ਮਾਰਨ ਵਾਲਾ ਤਾਂ ਰੱਬ ਆਪ ਹੈ, ਪ੍ਰੰਤੂ ਆਪਣੇ ਹੰਕਾਰ ਦੇ ਵਸ ਹੋਇਆ ਤੂੰ ਇਸ ਸ਼ਹਿਰ ਨੂੰ ਗ਼ਰਕ ਕਰ ਦੇਣ ਦਾ ਦਾਅਵਾ ਕਰੀ ਬੈਠਾ ਸੈਂ। ਮੇਰੇ ਨਿਰੰਕਾਰ ਨੂੰ ਤੇਰਾ ਹੰਕਾਰ ਚੰਗਾ ਨਹੀਂ ਲਗਾ, ਉਸ ਨੇ ਸਾਨੂੰ ਏਸੇ ਲਈ ਇਥੇ ਭੇਜਿਆ ਹੈ ਕਿ ਤੈਨੂੰ ਸਿਧੇ ਰਾਹ ਲਾਇਆ ਜਾਏ ਅਤੇ ਇਸ ਸ਼ਹਿਰ ਦੇ ਲੋਕਾਂ ਦੀ ਰੱਖਿਆ ਕੀਤੀ ਜਾਏ। ਅਸੀਂ ਆਪਣੇ ਨਿਰੰਕਾਰ ਦਾ ਹੁਕਮ ਮੰਨ ਕੇ ਏਥੇ ਆਏ ਹਾਂ।

ਹਮਜ਼ਾ ਗੌਂਸ ਨੂੰ ਗੁਰੂ ਜੀ ਦੇ ਬਚਨ ਸੁਣ ਕੇ ਸ਼ਾਂਤੀ ਆਈ ਅਤੇ ਉਸ ਦਾ ਗੁਸਾ ਤੇ ਹੰਕਾਰ ਜਾਂਦਾ ਰਿਹਾ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸ਼ਹਿਰ ਸਿਆਲਕੋਟ ਦੇ ਲੋਕਾਂ ਦੀ ਸਹਾਇਤਾ ਤੇ ਰੱਖਿਆ ਕੀਤੀ। ਜਿਸ ਬੇਰੀ ਹੇਠ ਗੁਰੂ ਜੀ ਆ ਕੇ ਬੈਠੇ ਸਨ ਉਹ ਸਿਆਲਕੋਟ ਵਿਚ ਅਜੇ ਭੀ ਮੌਜੂਦ ਹੈ ਅਤੇ ਉਸ ਅਸਥਾਨ ਤੇ 'ਬਾਬੇ ਦੀ ਬੇਰ' ਨਾਮੀ ਗੁਰਦੁਆਰਾ ਕਾਇਮ ਹੈ। ਓਹ ਗੁੰਬਦ ਭੀ, ਜਿਸ ਹੇਠ ਹਮਜ਼ਾ ਗੌਂਸ ਬੈਠਾ ਸੀ, ਉਸੇ ਤਰ੍ਹਾਂ ਫਟਿਆ ਹੋਇਆ ਮੌਜੂਦ ਹੈ।


www.AKJ.Org
www.AKJ.Org

# ਤਪੈ ਧਰਮੁ ਹਾਰਿਆ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਗੋਇੰਦਵਾਲ ਸਾਹਿਬ ਵਿਖੇ ਜਦੋਂ ਬਾਉਲੀ ਬਣ ਕੇ ਤਿਆਰ ਹੋ ਗਈ ਤਾਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਵੱਡੇ ਪਧਰ ਤੇ ਸਤਿਸੰਗ ਸਮਾਗਮ ਕੀਤਾ ਗਿਆ, ਜਿਸ ਵਿਚ ਦੂਰੋਂ ਦੂਰੋਂ ਸੰਗਤਾਂ ਇਕੱਠੀਆਂ ਹੋਈਆਂ।

ਸੰਗਤਾਂ ਲਈ ਗੁਰੂ ਕਾ ਲੰਗਰ ਤਾਂ ਸਦਾ ਹੀ ਚਾਲੂ ਰਹਿੰਦਾ ਸੀ। ਜਾਤਿ-ਅਭਿਮਾਨੀਆਂ ਦਾ ਪਾਜ ਉਘੇੜਨ ਲਈ ਇਸ ਸਮੇਂ ਗੁਰੂ ਅਮਰਦਾਸ ਜੀ ਵਲੋਂ ਇਕ ਸੁਆਦਲਾ ਢੰਗ ਵਰਤਿਆ ਗਿਆ। ਗੁਰੂ ਜੀ ਵਲੋਂ ਖੁਲ੍ਹੀ ਸੂਚਨਾ ਦਿਤੀ ਗਈ ਕਿ ਜਿਹੜਾ ਕੋਈ ਵਿਅਕਤੀ ਗੁਰੂ ਕੇ ਲੰਗਰ ਵਿਚੋਂ ਪਰਸ਼ਾਦਾ ਛਕੇਗਾ, ਉਸ ਨੂੰ ਇਕ ਰੁਪਿਆ* ਦੱਛਣਾ ਵਜੋਂ ਮਿਲੇਗਾ। ਬਹੁਤ ਸਾਰੇ ਉੱਚੀ ਜਾਤ ਦੀਆਂ ਟਾਹਰਾਂ ਮਾਰਨ ਵਾਲੇ ਪਖੰਡੀ ਸਵਾਦਲੇ ਪਦਾਰਥਾਂ ਤੇ ਦੱਛਣਾ ਦੀ ਮੋਟੀ ਰਕਮ ਦੇ ਲਾਲਚ ਵਿਚ ਆ ਕੇ ਲੰਗਰ ਵਿਚ ਪ੍ਰਸ਼ਾਦਾ ਛਕ ਗਏ।

ਗੋਇੰਦਵਾਲ ਵਿਚ ਇਕ ਤਪਾ ਰਹਿੰਦਾ ਸੀ। ਇਸ ਨੇ ਆਪਣੀ ਪ੍ਰਭਤਾ ਦਾ ਬੜਾ ਪਰਪੰਚ ਰਚਿਆ ਹੋਇਆ ਸੀ। ਲੋਕਾਂ ਵਿਚ ਆਪਣੇ ਚੇਲਿਆਂ ਦੁਆਰਾ ਵੱਡਾ ਕਰਾਮਾਤੀ ਹੋਣਾ ਧੁਮਾ ਰਖਿਆ ਸੀ, ਪਰ ਅੰਦਰੋਂ ਸਖਣਾ ਹੀ ਸੀ। ਗੁਰੂ ਮਹਾਰਾਜ ਵਲੋਂ ਸਰਬੱਤ ਪ੍ਰਾਣੀ ਮਾਤਰ ਲਈ ਲੰਗਰ ਦੀ ਚਲਦੀ ਰੀਤੀ ਨੂੰ ਸ਼ਾਸਤਰਾਂ ਦੇ ਵਿਰੁਧ ਦਸ ਕੇ ਇਹ ਤਪਾ ਜ਼ਾਤ-ਅਭਿਮਾਨੀ ਬ੍ਰਾਹਮਣਾਂ ਅਤੇ ਖਤਰੀਆਂ ਨੂੰ ਚੁਕ-ਚੁਕਾਈ ਕਰਦਾ ਰਹਿੰਦਾ ਸੀ।

ਤਪਾ ਲੋਕ-ਲਾਜ ਕਾਰਨ ਲੰਗਰ ਛਕਣ ਨਾ ਆਇਆ। ਗੁਰੂ ਪਾਤਸ਼ਾਹ ਨੇ ਦੱਛਣਾ ਦੀ ਰਕਮ ਵਧਾ ਕੇ ਇਕ ਮੋਹਰ ਕਰ ਦਿਤੀ ਤਾਂ ਤਪਾ ਲੋਭ-ਲਹਿਰ ਵਿਚ ਵਹਿ ਗਿਆ। ਆਪ ਭਾਵੇਂ ਨਾ ਆਇਆ, ਪਰ ਆਪਣਾ ਪੁਤਰ ਭੇਜ ਦਿਤਾ। ਪਰ ਜਿਸ ਵੇਲੇ ਉਹ ਪੁਜਾ, ਪੰਗਤਾਂ ਲਗ ਚੁਕੀਆਂ ਸਨ ਤੇ ਦਰਵਾਜ਼ੇ ਬੰਦ ਸਨ। ਲੋਭ ਲਹਿਰ ਵਿਚ ਹਲਕਾਏ ਹੋਏ ਨੇ ਪੁਤਰ ਨੂੰ ਪੁੱਠੇ ਪਾਸਿਓਂ ਕੋਠਿਓਂ ਟਪਾ ਕੇ ਅੰਦਰ ਭੇਜ ਦਿਤਾ। ਵਿਚਾਰੇ ਦੀ ਕੋਠਾ ਟਪਦਿਆਂ ਲੱਤ ਟੁਟ ਗਈ। ਇਹ ਘਟਨਾ ਸਾਰੇ ਨਗਰ ਵਿਚ ਧੁੰਮ ਗਈ। ਨਗਰ ਦੇ ਮੁਖੀ ਲੋਕਾਂ ਨੂੰ ਜਦੋਂ ਪਤਾ ਲਗਾ ਤਾਂ ਤਪੇ ਦੀ ਕਰਤੂਤ ਤੇ ਬੜੇ ਹੱਸੇ। ਤਪੇ ਦੀ ਅਸਲੀਅਤ ਉਘੜ ਗਈ ਤੇ ਸਾਰਿਆਂ ਨੇ ਉਸ ਤੇ ਫਿਟਕਾਰਾਂ ਪਾਈਆਂ। ਵਾਰ ਗਉੜੀ ਵਿਚ ਗੁਰੂ ਰਾਮਦਾਸ ਜੀ ਨੇ ਇਸ ਬਿਰਤਾਂਤ ਵਲ ਇਉਂ ਸੰਕੇਤ ਕੀਤਾ ਹੈ—

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥
ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ ॥
ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ ॥
ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥ ਅੰਦਰਿ ਬਹੈ ਤਪਾ ਪਾਪ ਕਮਾਏ ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥
ਧਰਮਰਾਇ ਜਮ ਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ ॥
ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ ॥ ਸੋ ਬੂਝੈ ਜੁ ਦਯਿ ਸਵਾਰਿਆ ॥੧॥੩੦॥

[ਪੰਨਾ ੩੧੫-੧੬]

*ਉਸ ਸਮੇਂ ਰੁਪਏ ਦੀ ਬੜੀ ਮਹਾਨਤਾ ਸੀ।

www.AKJ.Org



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੧੮)

ਚਤੁਰ ਬਰਨ ਮਿਲਿ ਸੁਰੰਗ ਤੰਬੋਲ ਰਸ,
ਗੁਰਸਿਖ ਸਾਧ ਸੰਗਿ ਰੰਗ ਮੈ ਰੰਗੀਲੇ ਹੈਂ ॥
ਖਾਂਡ ਘ੍ਰਿਤ ਚੂਨ ਜਲ ਮਿਲੇ ਬਿੰਜਨਾਦਿ ਸ੍ਵਾਦ,
ਪ੍ਰੇਮ ਰਸ ਅੰਮ੍ਰਿਤ ਮੈ ਰਸਿਕ ਰਸੀਲੇ ਹੈਂ ॥
ਸਕਲ ਸੁਗੰਧ ਸਨਬੰਧ ਅਰਗਜਾ ਹੋਇ,
ਸਬਦ ਸੁਰਤਿ ਲਿਵ ਬਾਸਨਾ ਬਸੀਲੇ ਹੈਂ ॥
ਪਾਰਸ ਪਰਸਿ ਜੈਸੇ ਕਨਿਕ ਅਨਿਕ ਧਾਤ,
ਦਿਬਿ ਦੇਹ, ਮਨ ਉਨਮਨ ਉਨਮੀਲੇ ਹੈਂ ॥੯੪॥

**ਪਦ ਅਰਥ** : ਚਤੁਰ ਬਰਨ—ਚਾਰ ਰੰਗ : ਪਾਨ, ਚੂਨਾ, ਕਥਾ ਤੇ ਸੁਪਾਰੀ। ਸੁਰੰਗ—ਸੁੰਦਰ (ਲਾਲ) ਰੰਗ। ਤੰਬੋਲ—ਪਾਨ। ਰੰਗੀਲੇ—ਰੰਗੀਜੇ ਹੋਏ। ਘ੍ਰਿਤ—ਘਿਓ । ਚੂਨ—ਆਟਾ । ਬਿੰਜਨਾਦ—ਪਕਵਾਨ ਆਦਿ। ਰਸਿਕ—ਰਜੀਏ। ਸਕਲ ਸੁਗੰਧ—ਸਾਰੀਆਂ ਸੁਗੰਧੀਆਂ। ਸਨਬੰਧ—ਮਿਲਾਪ, ਮੇਲ। ਅਰਗਜਾ—ਕੇਸਰ, ਕਸਤੂਰੀ, ਚੰਦਨ ਆਦਿ ਨਾਲ ਮਿਲਾ ਕੇ ਬਣਾਈ ਮਹਾਨ ਸੁਗੰਧਤ ਵਸਤੂ। ਬਾਸਨਾ—ਸੁਗੰਧੀ। ਬਸੀਲੇ—ਸੁਗੰਧੀ ਵਾਲੇ। ਪਰਸਿ—ਛੂਹ ਕੇ। ਕਨਿਕ—ਸੋਨਾ। ਦਿਬਿ ਦੇਹ—ਤੇਜੱਸਵੀ ਸਰੂਪ। ਉਨਮਨ—ਖੇੜੇ ਵਾਲੀ ਆਤਮ ਅਵਸਥਾ । ਉਨਮੀਲੇ—ਖੇੜੇ ਵਾਲੇ।

**ਅਰਥ :** (ਜਿਵੇਂ ਪਾਨ, ਚੂਨਾ, ਕਥਾ ਤੇ ਸੁਪਾਰੀ) ਚਾਰ ਰੰਗ ਮਿਲਣ ਨਾਲ ਪਾਨ ਦਾ ਗੂੜ੍ਹਾ ਰੰਗ ਉਪਜਦਾ ਹੈ, (ਇਉਂ ਹੀ) ਗੁਰੂ ਕੇ ਸਨਮੁਖ ਸਿਖ, ਸਤਿ ਪੁਰਖਾਂ ਦੀ ਸੰਗਤ ਦੇ ਨਾਮ-ਰੰਗ ਵਿਚ ਮਿਲ ਕੇ ਰੰਗੀਜੇ ਜਾਂਦੇ ਹਨ।

(ਜਿਵੇਂ) ਸਾਰੀਆਂ ਸੁਗੰਧੀਆਂ (ਕੇਸਰ, ਕਸਤੂਰੀ, ਚੰਦਨ ਆਦਿ) ਮਿਲ ਕੇ (ਅਤੀ ਸੁਗੰਧਤ ਵਸਤੂ) ਅਰਗਜਾ ਬਣ ਜਾਂਦੀ ਹੈ (ਤਿਵੇਂ ਗੁਰੂ ਕੇ ਸੇਵਕ ਸਿਖ) ਸ਼ਬਦ ਸੁਰਤ ਦੀ ਲਿਵ ਵਿਚ ਜੁੜ ਕੇ ਨਾਮ-ਸਿਮਰਨ ਦੀ ਸੁਗੰਧੀ ਵਿਚ ਸੁਗੰਧਤ ਹੋ ਜਾਂਦੇ ਹਨ।

ਜਿਵੇਂ ਪਾਰਸ ਨੂੰ ਛੂਹ ਕੇ ਅਨੇਕ ਧਾਤਾਂ ਸੋਨਾ ਹੋ ਜਾਂਦੀਆਂ ਹਨ (ਤਿਵੇਂ ਹੀ ਗੁਰੂ ਕੇ ਅਨਿੰਨ ਸਿਖ ਸਤਿਗੁਰੂ ਨੂੰ ਮਿਲ ਕੇ) ਤੇਜੱਸਵੀ ਸਰੂਪ ਵਾਲੇ ਅਤੇ ਪੂਰਨ ਖਿੜਾਉ ਵਾਲੀ ਅਵਸਥਾ ਵਿਚ ਟਿਕ ਕੇ ਖੇੜੇ ਵਾਲੇ ਹੋ ਜਾਂਦੇ ਹਨ।੯੪।

ਪਵਨ ਗਵਨ ਜੈਸੇ ਗੁਡੀਆ ਉਡਤ ਰਹੈ,
ਪਵਨ ਰਹਿਤ ਗੁਡੀ ਉਡ ਨ ਸਕਤ ਹੈ ॥
ਡੋਰੀ ਕੀ ਮਰੋਰਿ ਜੈਸੇ ਲਟੂਆ ਫਿਰਤ ਰਹੈ,
ਤਾਉ ਹਾਉ ਮਿਟੈ ਗਿਰਿ ਪਰੈ ਹੁਇ ਥਕਤ ਹੈ ॥
ਕੰਚਨ ਅਸੁਧ ਜਿਉ ਕੁਠਾਰੀ ਠਹਰਾਤ ਨਾਹੀ,
ਸੁਧ ਭਏ ਨਿਹਚਲ ਛਬਿ ਕੈ ਛਕਤ ਹੈ ॥
ਦੁਰਮਤਿ ਦੁਬਿਧਾ ਭ੍ਰਮਤ ਚਤੁਰ ਕੁੰਟ,
ਗੁਰਮਤਿ ਏਕ ਟੇਕ, ਮੋਨ ਨ ਬਕਤ ਹੈ ॥੯੫॥

**ਪਦ ਅਰਥ** : ਪਵਨ—ਹਵਾ। ਗਵਨਿ—ਚਲਣ ਨਾਲ। ਮਰੋਰਿ—ਮਰੋੜੀ, ਲਪੇਟ। ਲਟੂਆ—ਲਾਟੂ। ਤਾਉ ਹਾਉ—ਤਾਅ ਦਾ ਹਿਲੋਰਾ। ਕੰਚਨ—ਸੋਨਾ। ਅਸੁਧ—ਖੋਟਾ। ਕੁਠਾਰੀ—ਕੁਠਾਲੀ, ਜਿਸ ਵਿਚ ਸੋਨਾ ਚਾਂਦੀ ਆਦਿ ਧਾਤਾਂ ਢਾਲੀਆਂ ਜਾਂਦੀਆਂ ਹਨ। ਨਿਹਚਲ—ਅਡੋਲ। ਛਬਿ—ਸੁੰਦਰਤਾ । ਛਕਤ—ਸੋਭਦਾ। ਦੁਰਮਤਿ—ਖੋਟੀ ਮਤਿ। ਦੁਬਿਧਾ—ਦਵੈਤ ਭਾਵ। ਭ੍ਰਮਤ ਹੈ—ਭਟਕਦਾ ਹੈ। ਚਤੁਰ ਕੁੰਟ—ਚਵੀਂ ਪਾਸੀਂ। ਮੋਨ—ਚੁਪ, ਸ਼ਾਂਤ। ਬਕਤ—ਵਾਧੂ

www.AKJ.Org


www.AKJ.Org

ਬੋਲ ਬੁਲਾਰਾ।

**ਅਰਥ** : ਹਵਾ ਦੇ ਚਲਣ ਨਾਲ ਜਿਵੇਂ ਗੁੱਡੀ (ਅਕਾਸ਼ ਵਿਚ) ਉਡਦੀ ਰਹਿੰਦੀ ਹੈ, ਪਰ ਹਵਾ ਤੋਂ ਬਿਨਾਂ ਗੁੱਡੀ ਉਡ ਨਹੀਂ ਸਕਦੀ।

ਜਿਵੇਂ ਡੋਰੀ ਦੀ ਲਪੇਟ ਅਨੁਸਾਰ ਲਾਟੂ ਘੁੰਮਦਾ ਰਹਿੰਦਾ ਹੈ, ਪਰ ਡੋਰੀ ਦੇ ਤਾਅ ਦਾ ਹੁਲਾਰਾ ਮੁਕਣ ਤੇ ਲਾਟੂ ਥੱਕ ਕੇ ਡਿਗ ਪੈਂਦਾ ਹੈ।

ਜਿਵੇਂ ਖੋਟ ਵਾਲਾ ਸੋਨਾ ਕੁਠਾਲੀ ਵਿਚ ਟਿਕ ਨਹੀਂ ਸਕਦਾ, ਪਰ ਸੁਧ ਹੋਣ ਤੇ ਅਡੋਲ ਹੋ ਜਾਂਦਾ ਹੈ ਅਤੇ ਸੁੰਦਰ ਆਭਾ ਕਰਕੇ ਸੋਭਾ ਪਾਉਂਦਾ ਹੈ।

(ਇਵੇਂ ਹੀ ਪ੍ਰਾਣੀ) ਖੋਟੀ ਮਤਿ ਅਤੇ ਦਵੈਤਾ ਭਾਵ ਕਰਕੇ ਚਵਾਂ ਕੁੰਟਾਂ ਵਿਚ ਭਟਕਦਾ ਫਿਰਦਾ ਹੈ, ਪਰ ਇਕ ਗੁਰਮਤਿ ਦੀ ਟੇਕ ਲਇਆਂ (ਨਾਮ-ਸਿਮਰਨ ਦੀ ਰਸ-ਲੀਨ ਅਵਸਥਾ ਵਿਚ ਟਿਕ ਕੇ) ਸ਼ਾਂਤ ਹੋ ਜਾਂਦਾ ਹੈ, ਫਿਰ ਉਹ ਵਾਧੂ ਨਹੀਂ ਬੋਲਦਾ। ਜਿਵੇਂ ਗੁਰਵਾਕ ਹੈ–"ਓਇ ਵੇਪਰਵਾਹ ਨ ਬੋਲਨੀ..." (ਪੰਨਾ ੪੧)। ।੯੫।

**ਪ੍ਰੇਮ ਰਸ ਅੰਮ੍ਰਿਤ ਨਿਧਾਨ ਪਾਨਿ ਪੂਰਨ ਹੋਇ,**
**ਪਰਮਦਭੁਤ ਗਤਿ ਆਤਮ ਤਰੰਗ ਹੈ॥**
**ਇਤ ਤੇ ਦ੍ਰਿਸਟਿ ਸੁਰਤਿ ਸਬਦ ਬਿਬਰਜਤ,**
**ਉਤ ਤੇ ਬਿਸਮ ਅਸਚਰਜ ਪ੍ਰਸੰਗ ਹੈ॥**
**ਦੇਖੈ ਸੋ ਦਿਖਾਵੈ ਕੈਸੇ, ਸੁਨੈ ਸੋ ਸੁਨਾਵੈ ਕੈਸੇ,**
**ਚਾਖੈ ਸੋ ਬਤਾਵੈ ਕੈਸੇ, ਰਾਗ ਰਸ ਰੰਗ ਹੈ॥**
**ਅਕਥ ਕਥਾ ਬਿਨੋਦ ਅੰਗ ਅੰਗ ਥਕਤ ਹੁਇ,**
**ਹੇਰਤ ਹਿਰਾਨੀ ਬੂੰਦ ਸਾਗਰ ਸ੍ਰਬੰਗ ਹੈ॥੯੬॥**

**ਪਦ ਅਰਥ** : ਅੰਮ੍ਰਿਤ ਨਿਧਾਨ–ਅੰਮ੍ਰਿਤ ਦਾ ਭੰਡਾਰ, ਖਜ਼ਾਨਾ। ਪਾਨਿ–ਪੀ ਕੇ। ਪੂਰਨ ਹੋਇ–ਤ੍ਰਿਪਤ ਹੋ ਜਾਂਦਾ ਹੈ। ਪਰਮਦਭੁਤ–ਪਰਮ ਅਦਭੁਤ, ਅਸਚਰਜ। ਗਤਿ–ਦਸ਼ਾ। ਇਤ–ਦੁਨੀਆ ਵਲੋਂ। ਦ੍ਰਿਸਟਿ–ਦ੍ਰਿਸ਼ਟੀ। ਸੁਰਤਿ–ਸੁਣਨ ਸ਼ਕਤੀ। ਸ਼ਬਦ–ਬੋਲ-ਬਾਣੀ। ਬਿਬਰਜਤ–ਵਿਦਾ ਕਰਦਾ ਹੈ, ਹਟਾਉਂਦਾ ਹੈ। ਉਤ ਤੇ–ਪ੍ਰਮਾਰਥ ਰੰਗਾਂ ਵਲ। ਬਿਸਮ––ਅਚੰਭਾ। ਦੇਖੈ–ਵੇਖਦਾ ਹੈ। ਅਕਥ–ਨਾ ਕਥਿਆ ਜਾ ਸਕਣਾ, ਅਸੰਭਵ। ਬਿਨੋਦ–ਅਨੰਦ ਮੰਗਲ। ਥਕਤ–ਸਥਿਰ, ਮੁਗਧ। ਹੇਰਤ–ਵੇਖ ਕੇ। ਸਾਗਰ–ਸਮੁੰਦਰ। ਸ੍ਰਬੰਗ–ਸਾਰੇ ਅੰਗ।

**ਅਰਥ** : ਨਾਮ-ਅੰਮ੍ਰਿਤ-ਭੰਡਾਰ ਦੇ ਪ੍ਰੇਮ-ਰਸ ਨੂੰ ਪੀ ਕੇ (ਗੁਰਮੁਖਿ) ਪੂਰਨ ਤ੍ਰਿਪਤ ਹੋ ਜਾਂਦਾ ਹੈ ਅਤੇ ਬਹੁਤ ਹੀ ਅਸਚਰਜ ਦਸ਼ਾ ਵਿਚ ਉਸ ਦੇ ਅੰਦਰ ਨਾਮ-ਸਿਮਰਨ ਦੇ ਆਤਮ-ਤਰੰਗ ਉਪਜਦੇ ਹਨ।

(ਗੁਰਮੁਖਿ ਪ੍ਰੇਮ-ਰਸ ਨੂੰ ਭੁੰਚਦਾ ਹੋਇਆ) ਇਸ ਦੁਨੀਆਵੀ ਵਿਸ਼ੇ ਵਿਕਾਰਾਂ ਵਾਲੇ ਵਲੋਂ ਆਪਣੀ ਦ੍ਰਿਸ਼ਟੀ, ਸੁਣਨ-ਸ਼ਕਤੀ ਅਤੇ ਬੋਲ-ਬਾਣੀ ਨੂੰ ਹਟਾਉਂਦਾ ਹੈ ਅਤੇ (ਇਨ੍ਹਾਂ ਨੂੰ) ਉਸ ਨਾਮ-ਸਿਮਰਨ ਦੇ ਰੰਗ-ਰਸ ਭੁੰਚਣ ਵਾਲੇ ਪਾਸੇ ਲਾ ਦੇਂਦਾ ਹੈ, ਜਿਸ ਕਰਕੇ ਅਤੀ ਅਚੰਭਾ ਤੇ ਅਸਚਰਜ ਵਰਤਾਰਾ ਵਰਤਦਾ ਹੈ।

(ਨਾਮ-ਰਸ ਭੁੰਚ ਰਿਹਾ ਉਹ ਗੁਰਮੁਖਿ) ਆਤਮ-ਅਨੰਦ ਦਾ ਜੋ ਰੰਗ ਵੇਖਦਾ ਹੈ, ਉਸ ਰੰਗ ਨੂੰ (ਦੂਜਿਆਂ ਤਾਈਂ) ਕਿਵੇਂ ਵਿਖਾ ਸਕਦਾ ਹੈ? ਅਨਹਦ ਧੁਨੀ ਦੇ ਨਾਦ ਨੂੰ ਜੋ ਉਹ ਆਪ ਸੁਣਦਾ ਹੈ, (ਦੂਜਿਆਂ ਤਾਈਂ) ਕਿਵੇਂ ਸੁਣਾ ਸਕਦਾ ਹੈ? ਨਾਮ-ਅੰਮ੍ਰਿਤ-ਰਸ ਜੋ ਉਹ ਆਪ ਚਖਦਾ ਹੈ, ਉਸ ਦਾ ਸਵਾਦ (ਦੂਜਿਆਂ ਨੂੰ) ਕਿਵੇਂ ਦਸ ਸਕਦਾ ਹੈ? ਅਨਹਦ ਧੁਨੀ ਦੇ ਨਾਦ, ਨਾਮ ਦੇ ਰਸ ਅਤੇ ਆਤਮ-ਅਨੰਦ ਦੇ ਰੰਗ ਨੂੰ (ਉਹ ਆਪ ਹੀ ਆਪ ਮਾਣਦਾ ਹੈ)।

(ਨਾਮ-ਰਸ ਭੁੰਚ ਰਹੇ ਗੁਰਮੁਖਿ ਦੇ) ਇਸ ਅਨੰਦ-ਮੰਗਲ ਦਾ ਬਿਆਨ ਕਰਨਾ ਅਸੰਭਵ ਹੈ, ਉਸ ਦਾ ਅੰਗ ਅੰਗ ਉਸ ਅਨੰਦ-ਰਸ ਵਿਚ ਮੁਗਧ ਹੁੰਦਾ ਹੈ, ਜਿਸ ਨੂੰ ਵੇਖ ਕੇ ਹੈਰਾਨੀ (ਅਸਚਰਜਤਾ) ਛਾ ਜਾਂਦੀ ਹੈ।

www.AKJ.Org

ਉਹ ਗੁਰਮੁਖਿ ਸਾਰੇ ਅੰਗਾਂ ਕਰਕੇ (ਨਾਮ-ਰਸ ਭੁੰਚਦਾ) ਸਤਿਗੁਰੂ-ਸਮੁੰਦਰ ਵਿਚ (ਭਾਵ, ਸਤਿਗੁਰੂ ਦੇ ਚਰਨਾਂ ਵਿਚ) ਪਾਣੀ ਦੀ ਬੂੰਦ ਵਾਂਗ ਲੀਨ ਹੋ ਰਿਹਾ ਹੁੰਦਾ ਹੈ।੯੬।

ਸਾਧ ਸੰਗ ਗੰਗ ਮਿਲਿ, ਸ੍ਰੀ ਗੁਰ ਸਾਗਰ ਮਿਲੇ,
ਗਿਆਨ ਧਿਆਨ ਪਰਮ ਨਿਧਾਨ ਲਿਵਲੀਨ ਹੈ ॥
ਚਰਨ ਕਮਲ ਮਕਰੰਦ ਮਧੁਕਰ ਗਤਿ
ਚੰਦ੍ਰਮਾ ਚਕੋਰ ਗੁਰ ਧਿਆਨ ਰਸ ਭੀਨ ਹੈ ॥
ਸਬਦ ਸੁਰਤਿ ਮੁਕਤਾਹਲ ਅਹਾਰ ਹੰਸ,
ਪ੍ਰੇਮ ਪਰਮਾਰਥ ਬਿਮਲ ਜਲ ਮੀਨ ਹੈ ॥
ਅੰਮ੍ਰਿਤ ਕਟਾਛ੍ਯ ਅਮਰਾਪਦ ਕ੍ਰਿਪਾ ਕ੍ਰਿਪਾਲ,
ਕਮਲਾ ਕਲਪਤਰੁ ਕਾਮਧੇਨਾਧੀਨ ਹੈ ॥੯੭॥

**ਪਦ ਅਰਥ** : ਸਾਗਰ–ਸਮੁੰਦਰ। ਪਰਮ ਨਿਧਾਨ–ਮਹਾਨ ਭੰਡਾਰ, ਸੋਮਾ। ਮਕਰੰਦ–ਧੂੜੀ। ਮਧੁਕਰ–ਭੋਰਾ। ਭੀਨ ਹੈ–ਭਿਜਦਾ ਹੈ। ਅਹਾਰ-ਭੋਜਨ। ਪਰਮਾਰਥ–ਆਤਮ ਵਿਦਿਆ, ਰੱਬੀ ਰੰਗ। ਬਿਮਲ–ਨਿਰਮਲ। ਮੀਨ–ਮੱਛੀ। ਕਟਾਛਜ–ਮਿਹਰ ਵਾਲੀ ਦ੍ਰਿਸ਼ਟੀ। ਅਮਰਾ ਪਦ–ਅਟਲ ਪਦ, ਅਬਿਨਾਸ਼ੀ ਪਦ। ਕਮਲਾ–ਲਛਮੀ। ਕਲਪਤਰੁ–ਕਲਪ ਬ੍ਰਿਛ, ਮਨ-ਮੰਗੇ ਫਲ ਦੇਣ ਵਾਲਾ ਬ੍ਰਿਛ। ਕਾਮਧੈਨਾਧੀਨ–ਕਾਮਧੇਨ +ਅਧੀਨ। ਕਾਮਧੇਨ–ਸਾਰੀਆਂ ਮਨੋ ਕਾਮਨਾ ਪੂਰੀਆਂ ਕਰਨ ਵਾਲੀ ਗਊ।

**ਅਰਥ** : (ਗੁਰੂ ਨੂੰ ਸਨਮੁਖ ਵੇਖਣ ਵਾਲਾ ਗੁਰਸਿਖ)ਸਾਧ ਸੰਗਤ ਰੂਪੀ ਗੰਗਾ ਵਿਚ ਮਿਲ ਕੇ, ਸਮੁੰਦਰ ਰੂਪੀ ਸਤਿਗੁਰੂ ਵਿਚ ਸਮਾਅ ਜਾਂਦਾ ਹੈ ਅਤੇ ਗਿਆਨ ਤੇ ਧਿਆਨ ਦੇ ਮਹਾਨ ਸੋਮੇ ਸਤਿਗੁਰੂ ਵਿਚ ਲਿਵ ਜੋੜੀ ਰਖਦਾ ਹੈ।

(ਸੱਚਾ ਗੁਰਸਿਖ, ਸਤਿਗੁਰੂ ਦੇ) ਚਰਨ ਕਮਲਾਂ ਦੀ ਧੂੜੀ ਵਿਚ ਭੌਰੇ ਵਾਂਗ ਅਤੇ ਸਤਿਗੁਰੂ ਦੇ ਦਰਸ਼ਨ-ਧਿਆਨ ਵਿਚ ਚੰਦ-ਚਕੋਰ ਵਾਂਗ ਰਸ ਵਿਚ ਭਿਜਾ ਰਹਿੰਦਾ ਹੈ।

ਗੁਰਸਿਖ-ਹੰਸ ਸ਼ਬਦ-ਸੁਰਤ ਵਿਚ ਲਿਵ ਜੋੜਨ ਦਾ, ਭਾਵ; ਨਾਮ-ਸਿਮਰਨ ਰੂਪੀ ਮੋਤੀਆਂ ਦਾ ਅਹਾਰ ਕਰਦਾ ਹੈ ਅਤੇ(ਨਾਮ-ਰੂਪੀ)ਨਿਰਮਲ ਜਲ ਵਿਚ ਮੱਛੀ ਦੀ ਪ੍ਰੀਤ ਵਾਂਗ ਪ੍ਰਮਾਰਥਕ ਰੰਗਾਂ ਵਿਚ ਤਾਰੀਆਂ ਲਾਂਦਾ ਹੈ।

ਮਿਹਰਬਾਨ ਸਤਿਗੁਰ ਦੀ ਮਿਹਰ ਅਤੇ ਅੰਮ੍ਰਿਤ ਭਰੀ ਕਿਰਪਾ-ਦ੍ਰਿਸ਼ਟੀ ਨਾਲ (ਸੱਚਾ ਸਿਖ-ਸੇਵਕ) ਅਬਿਨਾਸ਼ੀ ਪਦ ਨੂੰ ਪਾ ਲੈਂਦਾ ਹੈ, ਫਿਰ ਸਗਲ ਪਦਾਰਥ ਦੇਣਹਾਰੇ ਲਛਮੀ, ਕਲਪ ਬ੍ਰਿਛ ਅਤੇ ਕਾਮਧੇਨ ਉਸ ਦੇ ਅਧੀਨ ਹੋ ਜਾਂਦੇ ਹਨ।੯੭।

ਏਕ ਬ੍ਰਹਮਾਂਡ ਕੇ ਬਿਥਾਰ ਕੀ ਅਪਾਰ ਕਥਾ,
ਕੋਟਿ ਬ੍ਰਹਮਾਂਡ ਕੋ ਨਾਇਕੁ ਕੈਸੇ ਜਾਨੀਐ ॥
ਘਟਿ ਘਟਿ ਅੰਤਰਿ ਅਉ ਸਰਬ ਨਿਰੰਤਰਿ ਹੈ,
ਸੂਖਮ ਸਥੂਲ ਮੂਲ, ਕੈਸੇ ਪਹਿਚਾਨੀਐ ॥
ਨਿਰਗੁਨ ਅਦ੍ਰਿਸਟ, ਦ੍ਰਿਸਟ ਮੈ ਨਾਨਾ ਪ੍ਰਕਾਰ,
ਅਲਖ ਲਖਿਓ ਨ ਜਾਇ, ਕੈਸੇ ਉਰਿ ਆਨੀਐ ॥
ਸਤਿ ਰੂਪ ਸਤਿਨਾਮ ਸਤਿਗੁਰ ਗਿਆਨ ਧਿਆਨ,
ਪੂਰਨ ਬ੍ਰਹਮ ਸਰਬਾਤਮ ਕੈ ਮਾਨੀਐ ॥੯੮॥

**ਪਦ ਅਰਥ** : ਬ੍ਰਹਮਾਂਡ–ਗੋਲਾਕਾਰ ਜਗਤ, ਜਿਸ ਦੇ ਨਾਲ ੭ ਸਮੁੰਦਰ, ੭ ਪਤਾਲ, ੭ ਅਕਾਸ਼, ਅਨੇਕਾਂ ਗ੍ਰਹਿ ਉਪਗ੍ਰਹਿ ਅਤੇ ਨਛੱਤ੍ਰ ਆਦਿ ਸ਼ਾਮਲ ਦਸੇ ਜਾਂਦੇ ਹਨ। ਬਿਥਾਰ–ਵਿਸਥਾਰ, ਖਿਲਾਰਾ, ਪਸਾਰਾ। ਨਾਇਕ–ਮਾਲਕ, ਸੁਆਮੀ। ਘਟਿ ਘਟਿ ਅੰਤਰਿ–ਹਰੇਕ ਸਰੀਰ ਵਿਚ। ਅਉ–ਅਤੇ। ਸਰਬ ਨਿਰੰਤਰ–ਸਭਨਾਂ

www.AKJ.Org



www.AKJ.Org

ਵਿਚ ਇਕ-ਰਸ (ਵਿਆਪਕ)। ਸੂਖਮ—ਅਣਦਿਸਦਾ । ਅਸਥੂਲ—ਦਿਸਦਾ। ਨਿਰਗੁਣ—ਮਾਇਆ ਦੇ ਤਿੰਨਾਂ ਗੁਣਾਂ ਰਹਿਤ। ਅਦ੍ਰਿਸਟਿ—ਦ੍ਰਿਸ਼ਟੀ ਤੋਂ ਪਰੇ। ਨਾਨਾ ਪ੍ਰਕਾਰ—ਕਈ ਰੂਪ। ਅਲਖ—ਸਮਝ ਤੋਂ ਪਰੇ। ਲਖਿਓ—ਜਾਣਿਆ। ਉਰਿ—ਹਿਰਦੇ ਵਿਚ। ਸਤਿ—ਅਬਿਨਾਸ਼ੀ, ਸਦਾ ਥਿਰ। ਸਰਬਾਤਮ—ਸਾਰੇ ਆਤਮਾ।

**ਅਰਥ :** ਇਕ ਬ੍ਰਹਿਮੰਡ ਦੇ ਪਸਾਰੇ ਦਾ ਬਿਆਨ ਕਰਨਾ ਅੰਤ ਤੋਂ ਬਾਹਰਾ ਹੈ ਤਾਂ ਫਿਰ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਵਾਹਿਗੁਰੂ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ?

ਦਿਸਦੇ ਤੇ ਅਣਦਿਸਦੇ ਸੰਸਾਰ ਦਾ ਮੂਲ ਕਾਰਨ ਵਾਹਿਗੁਰੂ, ਜੋ ਹਰ ਇਕ ਸਰੀਰ ਵਿਚ ਅਤੇ ਸਭਨਾਂ ਦੇ ਅੰਦਰ ਇਕ-ਰਸ ਵਿਆਪ ਰਿਹਾ ਹੈ, ਉਸ ਨੂੰ ਕਿਵੇਂ ਪਛਾਣਿਆ ਜਾ ਸਕਦਾ ਹੈ?

ਜਿਹੜਾ ਵਾਹਿਗੁਰੂ ਨਿਰਗੁਣ ਰੂਪ ਵਿਚ ਦਿਸਦਾ ਨਹੀਂ, ਅਤੇ (ਸਰਗੁਣ ਰੂਪ ਵਿਚ) ਕਈ ਰੂਪਾਂ ਵਿਚ ਦਿਸ ਰਿਹਾ ਹੈ, ਉਹ ਅਲੱਖ ਵਾਹਿਗੁਰੂ ਜਾਣਿਆ ਨਹੀਂ ਜਾ ਸਕਦਾ, ਫਿਰ ਉਸ ਨੂੰ ਹਿਰਦੇ ਅੰਦਰ ਕਿਵੇਂ ਲਿਆਵੀਏ?

ਅਬਿਨਾਸ਼ੀ ਰੂਪ ਅਤੇ ਸਦਾ ਥਿਰ ਨਾਮ ਵਾਲਾ ਵਾਹਿਗੁਰੂ, (ਸਤਿਗੁਰੂ ਦੇ ਬਖ਼ਸ਼ੇ) ਗਿਆਨ ਧਿਆਨ ਦੁਆਰਾ, ਹਰੇਕ ਆਤਮਾ ਅੰਦਰ ਪੂਰਨ ਬ੍ਰਹਮ ਰੂਪ ਵਿਚ ਰਮਿਆ ਪ੍ਰਗਟ ਦਿਸ ਪੈਂਦਾ ਹੈ।੯੮।

ਪੂਰਨ ਬ੍ਰਹਮ ਗੁਰ ਪੂਰਨ ਸਰਬ-ਮਈ,
ਪੂਰਨ ਕ੍ਰਿਪਾ ਕੈ ਪਰਿਪੂਰਨ ਕੈ ਜਾਨੀਐ ॥
ਦਰਸ ਧਿਆਨ ਲਿਵ ਏਕ ਅਉ ਅਨੇਕ ਮੇਕ,
ਸਬਦ ਬਿਬੇਕ ਟੇਕ ਏਕੈ ਉਰਿ ਆਨੀਐ ॥
ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ,
ਪੇਖਤਾ ਬਕਤਾ ਸ੍ਰੋਤਾ ਏਕੈ ਪਹਿਚਾਨੀਐ ॥
ਸੂਖਮ ਸਥੂਲ ਮੂਲ ਗੁਪਤ ਪ੍ਰਗਟ ਠਟ,
ਨਟ ਵਟ ਸਿਮਰਨ ਮੰਤ੍ਰ ਮਨੁ ਮਾਨੀਐ ॥੯੯॥

**ਪਦ ਅਰਥ :** ਸਰਬ-ਮਈ—ਸਰਬ ਵਿਆਪਕ। ਪਰਿਪੂਰਨ—ਸਾਰੇ ਵਿਆਪਿਆ ਹੋਇਆ। ਅਉ—ਅਤੇ। ਮੇਕ—ਮਿਲਿਆ ਹੋਇਆ। ਸਬਦ ਬਿਬੇਕ—ਗੁਰ ਸ਼ਬਦ ਦੀ ਵਿਚਾਰ। ਉਰਿ—ਹਿਰਦੇ ਵਿਚ। ਦ੍ਰਿਸਟਿ—ਨੇਤਰਾਂ ਦੀ ਦ੍ਰਿਸ਼ਟੀ। ਸੁਰਤਿ—ਕੰਨਾਂ ਦੀ ਸੁਰਤੀ। ਸਬਦ—ਗੁਰ-ਸ਼ਬਦ। ਪੇਖਤਾ—ਵੇਖਣਹਾਰਾ। ਬਕਤਾ—ਬੋਲਣਹਾਰਾ। ਸ੍ਰੋਤਾ—ਸੁਣਨਹਾਰਾ। ਸੂਖਮ ਸਥੂਲ—ਅਣਦਿਸਦਾ ਤੇ ਦਿਸਦਾ। ਠਟ—ਪਸਾਰਾ। ਨਟ ਵਟ—ਨਟ ਦੀ ਵਟੀ ਵਾਂਗ। ਸਿਮਰਨ ਮੰਤ੍ਰ—ਗੁਰ ਮੰਤ੍ਰ ਦਾ ਸਿਮਰਨ। ਮਨ ਮਾਨੀਐ—ਮਨ ਪਤੀਜਦਾ ਹੈ।

**ਅਰਥ**—ਪੂਰਨ ਬ੍ਰਹਮ ਰੂਪ ਪੂਰਨ ਗੁਰੂ ਦੀ ਪੂਰਨ ਕਿਰਪਾ ਨਾਲ, ਸਰਬ-ਵਿਆਪਕ ਵਾਹਿਗੁਰੂ ਨੂੰ ਸਰਬ ਥਾਈਂ ਵਿਆਪਕ ਹੋਇਆ ਜਾਣਿਆ ਜਾ ਸਕਦਾ ਹੈ।

(ਸਤਿਗੁਰੂ ਦੇ) ਦਰਸ਼ਨ-ਧਿਆਨ ਵਿਚ ਲਿਵ ਲਾਇਆਂ ਅਤੇ ਗੁਰ-ਸ਼ਬਦ ਦੀ ਵਿਚਾਰ ਦੀ ਟੇਕ ਫੜਿਆਂ, ਉਹ ਵਾਹਿਗੁਰੂ ਜੋ ਇਕ ਹੈ ਅਤੇ ਅਨੇਕਾਂ ਵਿਚ ਮਿਲਿਆ ਹੋਇਆ ਹੈ, ਉਸ ਇਕ ਨੂੰ ਹਿਰਦੇ ਵਿਚ ਲਿਆਂਦਾ ਜਾ ਸਕਦਾ ਹੈ।

ਨੇਤਰਾਂ ਦੀ ਦ੍ਰਿਸ਼ਟੀ (ਸਤਿਗੁਰੂ ਦੇ)ਦਰਸ਼ਨ ਵਿਚ ਅਤੇ ਕੰਨਾਂ ਦੀ ਸੁਰਤੀ ਗੁਰ-ਸ਼ਬਦ ਦੇ ਸੁਣਨ ਵਿਚ ਮਿਲਿਆਂ, ਇਕ ਵਾਹਿਗੁਰੂ, ਜੋ (ਸਭਨਾਂ ਅੰਦਰ) ਵੇਖਣਹਾਰਾ, ਬੋਲਣਹਾਰਾ ਅਤੇ ਸੁਣਨਹਾਰਾ ਹੈ, ਨੂੰ ਪਛਾਣ ਲਈਦਾ ਹੈ।

ਜੋ ਵਾਹਿਗੁਰੂ ਅਣਦਿਸਦੇ ਤੇ ਦਿਸਦੇ ਅਤੇ ਗੁਪਤ ਤੇ ਪ੍ਰਗਟ ਪਸਾਰੇ ਦਾ ਮੂਲ ਕਾਰਨ ਹੈ, ਅਤੇ ਨਟ ਦੇ ਵਟ ਵਾਂਗ (ਜਗਤ ਦੀ) ਖੇਡ ਖੇਡ ਰਿਹਾ ਹੈ, (ਐਸੇ ਵਾਹਿਗੁਰੂ ਦੀ ਪ੍ਰਾਪਤੀ ਲਈ) ਗੁਰ-ਮੰਤ੍ਰ (ਗੁਰ-ਸ਼ਬਦ ਦੇ ਸਿਮਰਨ ਦੁਆਰਾ ਮਨ ਪਤੀਜਦਾ ਹੈ।੯੯। (ਨਟ ਵਟ ਖੇਲੈ ਸਾਰਿਗਪਾਨਿ—ਪੰਨਾ ੩੨੯)

www.AKJ.Org



www.AKJ.Org

# ਸਊਦੀ ਅਰਬ ਵਿਚ ਸਿੱਖਾਂ ਤੇ ਬਿਪਤਾ

ਜਨਪਥ ਸਮਾਚਾਰ, ਸਿਲੀਗੁਰੀ (ਪੱਛਮੀ ਬੰਗਾਲ) 9-6-93 ਵਿਚਲੇ ਅਵਤਾਰ ਸਿੰਘ ਕੰਗ ਦੇ ਲੇਖ ਅਨੁਸਾਰ ਸਊਦੀ ਅਰਬ ਵਿਚ ਸਿੱਖਾਂ ਦੀ ਬਹੁਤ ਬੁਰੀ ਦਸ਼ਾ ਹੋ ਰਹੀ ਹੈ। ਉਥੇ ਠੇਕੇ ਦੇ ਅਧੀਨ ਸਿੱਖਾਂ ਨੂੰ ਕੰਮ ਕਰਨ ਲਈ ਭੇਜਿਆ ਜਾਂਦਾ ਹੈ, ਪਰ ਸਊਦੀ ਲੋਕ ਸਿੱਖਾਂ ਦੇ ਕੇਸਾਂ ਤੇ ਪਗੜੀ ਤੋਂ ਨਫ਼ਰਤ ਕਰਦੇ ਹਨ। ਉਹ ਸਿੱਖਾਂ ਨੂੰ ਫੜ ਕੇ ਪਗੜੀ ਲਾਹ ਦਿੰਦੇ ਹਨ ਅਤੇ ਦਾੜ੍ਹੀ ਕੇਸ ਕਟ ਦਿੰਦੇ ਹਨ। ਕੰਪਨੀ ਦੇ ਮਾਲਕ ਵੀ ਉਨ੍ਹਾਂ ਸਿੱਖਾਂ ਦੀ ਕੋਈ ਮਦਦ ਨਹੀਂ ਕਰਦੇ। ਪੁਲਸ ਕੋਲ ਸ਼ਿਕਾਇਤ ਕੀਤੇ ਜਾਣ ਤੇ ਪੁਲਸ ਵਾਲੇ ਸਗੋਂ ਕੁਟਦੇ ਹਨ। ਸਿੱਖਾਂ ਨੂੰ ਉਥੇ ਬੁਰੀ ਤਰ੍ਹਾਂ ਅਪਮਾਨਿਤ ਕੀਤਾ ਜਾਂਦਾ ਹੈ।

ਅਜਿਹੀ ਦਸ਼ਾ ਵਿਚ ਬਾਹਰ ਮੁਲਕਾਂ ਵਿਚ ਪੈਸਾ ਕਮਾਉਣ ਖ਼ਾਤਰ ਜਾਣ ਵਾਲੇ ਸਿੱਖਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇ ਉਹ ਆਪਣੇ ਸਿੱਖੀ ਸਰੂਪ ਨੂੰ ਕਾਇਮ ਰਖਣਾ ਚਾਹੁੰਦੇ ਹਨ ਤਾਂ ਸਊਦੀ ਅਰਬ ਵਿਚ ਜਾਣ ਲਈ ਕਿਸੇ ਕੰਪਨੀ ਦੇ ਜਾਲ ਵਿਚ ਨਾ ਫਸਣ। ਨਾਲ ਹੀ ਇਸ ਬਾਰੇ ਕੌਮ ਦੀਆਂ ਪ੍ਰਤੀਨਿਧ ਸੰਸਥਾਵਾਂ ਦਾ ਧਿਆਨ ਦਿਵਾਇਆ ਜਾਂਦਾ ਹੈ ਕਿ ਉਹ ਇਸ ਬਾਰੇ ਚਾਰਾਜੋਈ ਕਰਨ।

---

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ: ਬਲਦੇਵ ਸਿੰਘ ਖੁੱਡਾ | ੫੧-੦੦ | ਕਾਕਾ ਪਰਦੀਪ ਸਿੰਘ ਲੁਧਿਆਣਾ | ੬੦-੦੦ |
| ਗੁਪਤ ਸੇਵਾ ੧੦੦੦-੦੦ ਗੁਪਤ ਸੇਵਾ | ੧੦੦੦-੦੦ | ਬੀਬੀ ਜਸਬੀਰ ਕੌਰ ਬੱਗਾ ਲੁਧਿਆਣਾ | ੧੦੦-੦੦ |
| ਸ: ਪਰਦੁੰਮਨ ਸਿੰਘ ਜਲੰਧਰ | ੧੯੮੦-੦੦ | ਸ: ਗੁਰਚਰਨ ਸਿੰਘ ਵਾਰਾਨਸੀ | ੩੦੦-੦੦ |
| ਸ: ਮਨਮੋਹਨ ਸਿੰਘ ਐਨਹੈਮ ਅਮਰੀਕਾ | ੨੪੯੧੫-੦੦ | ਬੀਬੀ ਗੁਰਬਚਨ ਕੌਰ ਲੁਧਿਆਣਾ | ੧੦੦-੦੦ |
| ਬੀਬੀ ਪ੍ਰੀਤਮ ਕੌਰ ਵੋਲਵਰ ਹੈਮਟਨ ਯੂ.ਕੇ. | ੪੭੩-੮੦ | ਸ: ਹਰਬੰਸ ਸਿੰਘ ਲੁਧਿਆਣਾ (ਹੜ ਪੀੜਤ) | ੨੦੦-੦੦ |
| ਪ੍ਰਧਾਨ ਗੁਰਦਵਾਰਾ ਸਾਹਿਬ ਟਰੌਂਟੋ (ਕੈਨੇਡਾ) | | ਬੀਬੀ ਜਸਬੀਰ ਕੌਰ ਪੁਲਸੁਧਾਰ ਲੁਧਿਆਣਾ | ੧੦੦-੦੦ |
| c/o ਸ: ਰਾਜਿੰਦਰ ਸਿੰਘ ਰਾਹੀਂ ਪੂਰਨ ਜੀ | ੫੦੦੦-੦੦ | ਸ: ਅਮਰਜੀਤ ਸਿੰਘ, ਲੁਧਿਆਣਾ | ੫੦੦-੦੦ |
| ਮਾਸਟਰ ਬਲਦੇਵ ਸਿੰਘ ਵਲੋਂ ਧਰਮ ਪਰਚਾਰ ਲਈ, ਲਈ ਹੋਈ ਮਾਇਆ ਵਾਪਸ | | | ੫੦੦੦-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ ਸੁਰਜੀਤ ਕੌਰ ਪਤਨੀ ਸਵਰਗਵਾਸੀ ਸ: ਦਲੀਪ ਸਿੰਘ ਅੰਮ੍ਰਿਤਸਰ—ਬੱਚੀ ਦੇ ਦਾਖ਼ਲੇ ਲਈ | ੮੦੦-੦੦ |
| ਬੀ: ਰਣਜੀਤ ਕੌਰ ਪਤਨੀ ਸ: ਗੁਰਚਰਨ ਸਿੰਘ ਪਿੰਡ ਚਾਕਾਂਵਾਲੀ—ਪਤੀ ਲਾ-ਪਤਾ, ਘਰੋਗੀ ਲੋੜਾਂ | ੫੦੦੦-੦੦ |
| ਬੀ: ਚਰਨ ਕੌਰ ਮਾਤਾ ਸ਼ਹੀਦ ਹਰਜੀਤ ਸਿੰਘ ਮੇਘਾ—ਬੱਚੀ ਦੀ ਸ਼ਾਦੀ ਲਈ | ੫੦੦੦-੦੦ |

## 'ਸੂਰਾ' ਮਾਸਕ ਪੱਤਰ ਦੀ ਚੜ੍ਹਦੀ ਕਲਾ ਲਈ ਪੁਜੀ ਸਹਾਇਤਾ

| | | | |
|---|---|---|---|
| ਸ: ਜਗਜੀਵਨ ਸਿੰਘ ਫ਼ਤਹ ਮਾਜਰੀ | ੫੦-੦੦ | ਸ: ਮਨਮੋਹਨ ਸਿੰਘ ਯੂ. ਐਸ. ਏ. | ੧੩੯੪੫-੦੦ |
| ਬੀਬੀ ਪ੍ਰੀਤਮ ਕੌਰ ਵੋਲਵਰਹੈਮਟਨ ਯੂ.ਕੇ. | ੪੭੩-੦੦ | ਸ: ਸਬੇਗ ਸਿੰਘ, ਲੁਧਿਆਣਾ | ੪੦੦੦-੦੦ |
| ਭਾਈ ਇੰਦਰਜੀਤ ਸਿੰਘ ਜੋਧਪੁਰ—ਭਾਈ ਪਰਮਜੀਤ ਸਿੰਘ ਦੀ ਅੰਤਮ ਯਾਦ ਵਿਚ | | | ੧੧੦੦-੦੦ |

---

## ਗੁਰਬਾਣੀ ਕੰਠ, ਕੀਰਤਨ ਅਤੇ ਗੁਰਬਾਣੀ-ਪਾਠ ਮੁਕਾਬਲੇ

ਪਿਛਲੇ ਸਾਲਾਂ ਵਾਂਗ ਭਾ: ਉਜਾਗਰ ਸਿੰਘ ਖਾਲਸਾ ਗੁਰਮਤਿ ਪ੍ਰਚਾਰ ਟ੍ਰਸਟ ਫਰਵਾਲ੍ਹੀ (ਸੰਗਰੂਰ) ਵਲੋਂ ਸਕੂਲਾਂ-ਕਾਲਜਾਂ ਵਿਚ ਪੜ੍ਹਦੇ ਅੰਮ੍ਰਿਤਧਾਰੀ ਵਿਦਿਆਰਥੀਆਂ ਦੇ ਗੁਰਬਾਣੀ ਕੰਠ, ਕੀਰਤਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਮੁਕਾਬਲੇ 2 ਅਤੇ 3 ਅਕਤੂਬਰ 1993 ਨੂੰ ਗੌ: ਹਾਈ ਸਕੂਲ ਫਰਵਾਲ੍ਹੀ ਵਿਖੇ ਕਰਵਾਏ ਜਾ ਰਹੇ ਹਨ। ਹਰ ਤਰ੍ਹਾਂ ਦੀ ਜਾਣਕਾਰੀ ਤੇ ਸਿਲੇਬਸ ਲਈ ਬਾਬੂ ਸਿੰਘ ਰੀ: ਲੈਕਚਰਾਰ *V.P.O.* ਸੰਦੌੜ ਜ਼ਿਲਾ ਸੰਗਰੂਰ ਨਾਲ ਸੰਪਰਕ ਕਰੋ ਜੀ।

---

## ਅਮਰੀਕਾ ਵਿਖੇ ਅਖੰਡ ਕੀਰਤਨ ਸਮਾਗਮ

25 ਜੂਨ ਤੋਂ 4 ਜੁਲਾਈ ਤਕ ਟਰੌਂਟੋ (ਕੈਨੇਡਾ) ਵਿਖੇ ਅਖੰਡ ਕੀਰਤਨ, ਅਖੰਡ ਪਾਠ, ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਸਮਾਗਮ ਹੋਏ।


1. 7 ਅਗਸਤ ਸਵੇਰੇ 6 ਤੋਂ 9 ਕੀਰਤਨ ਭਾਈ ਕੇਵਲ ਸਿੰਘ ਖਾਲਸਾ ਦੇ ਗ੍ਰਹਿ ਐਲ-ਸਬਰਾਂਟੇ ਦੇ ਵਿਖੇ।
2. 8 ਅਗਸਤ ਐਤਵਾਰ ਸਵੇਰੇ 6 ਤੋਂ 9 (ਮਾਸਕ) ਕੀਰਤਨ ਗੁਰਦਵਾਰਾ ਸਾਹਿਬ ਫ਼ਰੀਮੌਂਟ ਵਿਖੇ।
3. 15 ਅਗਸਤ ਐਤਵਾਰ ਸਵੇਰੇ 5 ਤੋਂ 8 (ਮਾਸਕ) ਕੀਰਤਨ ਗੁਰਦਵਾਰਾ ਸਾਹਿਬ ਐਲ-ਸਬਰਾਂਟੇ ਵਿਖੇ।

## *AUTOBIOGRAPHY OF BHAI SAHIB RANDHIR SINGH*

www.AKJ.Org

ਪੁਸਤਕ 'ਜੇਲ੍ਹ ਚਿਠੀਆਂ' (ਅੰਗਰੇਜ਼ੀ ਤਰਜਮਾਂ) ਦੁਬਾਰਾ ਬਹੁਤ ਸੁੰਦਰ ਟਾਈਪ ਨਾਲ ਵਧੀਆ ਕਾਗਜ਼ ਤੇ ਛਪ ਗਈ ਹੈ। ਲੋੜਵੰਦ ਪਾਠਕ ਮੰਗਵਾ ਸਕਦੇ ਹਨ। ਭੇਟਾ 45.00

www.AKJ.Org



ਭਾਈ ਉਜਾਗਰ ਸਿੰਘ ਜੀ ਦਿਆਲਪੁਰ

ਗੁਰਪੁਰੀ ਸਿਧਾਰ ਗਏ
ਗੁਰੂ ਕੇ ਲਾਲਾਂ ਬਾਰੇ
ਜਾਣਕਾਰੀ ਅੰਦਰ ਵੇਖੋ

ਭਾਈ ਪਰਮਜੀਤ ਸਿੰਘ ਜੀ ਅੰਮ੍ਰਿਤਸਰ



---

## ਬਟਾਲੇ ਵਿਆਹ ਪੁਰਬ ਕੀਰਤਨ ਸਮਾਗਮ ੨੩ ਤੋਂ ੨੬ ਸਤੰਬਰ—ਵੇਰਵਾ ਸਤੰਬਰ 'ਸੂਰਾ' ਵਿਚ

---

## ਅੰਬਾਲਾ ਕੈਂਟ ਗੁਰਦਵਾਰਾ ਗੋਬਿੰਦ ਨਗਰ ਵਿਖੇ ਸਾਲਾਨਾ ਸਮਾਗਮ

12 ਅਗਸਤ ਸਵੇਰੇ 7 ਵਜੇ ਅਰੰਭ ਸ੍ਰੀ ਅਖੰਡਪਾਠ ਗੁ: ਗੋਬਿੰਦ ਨਗਰ,ਸ਼ਾਮ ਸੋਦਰ ਦੀ ਚੌਕੀ 7 ਤੋਂ 10 ਜੈਵਘਰ ਗੋਬਿੰਦ ਨਗਰ

13 ਅਗਸਤ ਸਵੇਰੇ 5 ਤੋਂ 10 ਕੀਰਤਨ ਗੁ: ਸ੍ਰੀ ਗੁਰੂ ਸਿੰਘ ਛਾਉਣੀ, ਸ਼ਾਮ ਸੋਦਰ ਦੀ ਚੌਕੀ 7 ਤੋਂ 10 ਪੰਜਾਬੀ ਗੁਰ:ਛਾਉਣੀ,

14 ਅਗਸਤ ਸਵੇਰੇ ਭੋਗ ਸ੍ਰੀ ਅਖੰਡਪਾਠ ਉਪ੍ਰੰਤ ਦਿਵਸ ਸੁਹੇਲਾ ਕੀਰਤਨ, ਸ਼ਾਮ ਨੂੰ ਅੰਮ੍ਰਿਤ ਸੰਚਾਰ ਤੇ ਰੈਣ ਸਬਾਈ ਕੀਰਤਨ

ਗੁਰਦਵਾਰਾ ਗੋਬਿੰਦ ਨਗਰ ਵਿਖੇ। ਸਮਾਪਤੀ 15 ਅਗਸਤ ਸਵੇਰੇ 6 ਵਜੇ।

(੧) ਰਿਹਾਇਸ਼ ਤੇ ਲੰਗਰ ਗੁ: ਗੋਬਿੰਦ ਨਗਰ ਅੰਬਾਲਾ ਛਾਉਣੀ। (੨) ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

ਪੁਛ ਗਿੱਛ : ਭਾਈ ਹਰਿਚਰਨ ਸਿੰਘ, 2135 ਡੀ.ਸੀ. ਰੋਡ, ਅੰਬਾਲਾ ਛਾਉਣੀ

ਦਾਸਰੇ—ਅਖੰਡ ਕੀਰਤਨੀ ਜਥਾ ਅੰਬਾਲਾ ਛਾ: ਅਤੇ ਕਮੇਟੀ ਗੁਰਦਵਾਰਾ ਗੋਬਿੰਦ ਨਗਰ ਅੰਬਾਲਾ ਛਾਉਣੀ

---

**ਮਾਸਕ ਰੈਣ ਸਬਾਈ ਗੁਰਦਵਾਰਾ ਰਾਮਗੜ੍ਹੀਆ ਸਾਹਿਬ ਧੂਰੀ (ਨੇੜੇ ਡਬਲ ਫਾਟਕ) ੭ ਅਗਸਤ**

**ਚਾਚੋਵਾਲੀ (ਨੇੜੇ ਜੈਂਤੀਪੁਰ) ਗ੍ਰਹਿ ਭਾਈ ਸਤਿਨਾਮ ਸਿੰਘ ਦਿਵਸ ਸੁਹੇਲਾ ਕੀਰਤਨ ੧੫ ਅਗਸਤ**

**ਨਡਾਲੀ (ਕਪੂਰਥਲਾ), ਭਾ ਬਲਬੀਰ ਸਿੰਘ ਪਰਮਵੀਰ ਸਿੰਘ, ਦਿਵਸ ਸੁਹੇਲਾ ਕੀਰਤਨ, ੧੫ ਅਗਸਤ**

**ਕਰਨਾਲ, ਡੇਰਾ ਕਾਰ ਸੇਵਾ, ਕਲੰਦਰੀ ਗੇਟ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ**

28 ਅਗਸਤ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ, ਅਤੇ ਰੈਣ ਸਬਾਈ ਕੀਰਤਨ

---

**ਯੂ. ਕੇ: ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਉਣ ਦਾ ਪਤਾ (ਫੋਨ : 0734-267900)**

Bhai Gurnam Singh, 10-Lambourne Gardens, Earley, Reading, Berk U.K

---

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ

**ਸੂਰਾ ਮੰਥਲੀ, ੩੯੦-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org

www.AKJ.Org